Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 93 | 15/08/2025 | www.samajweekly.com | samajweekly | @samajweekly | samajweekly

# ਜੰਮੂ-ਕਸ਼ਮੀਰ ਦੇ ਕਿਸ਼ਤਵਾੜ 'ਚ ਬੱਦਲ ਫਟਣ ਕਾਰਨ 46 ਹਲਾਕ, 167 ਵਿਅਕਤੀ ਬਚਾਏ

**ਜੰਮੂ।** ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਵਿੱਚ ਬੱਦਲ ਫਟਣ ਕਾਰਨ ਵੱਡੀ ਤਬਾਹੀ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਬੱਦਲ ਫਟਣ ਕਾਰਨ ਇਲਾਕੇ ਵਿਚ ਹੜ੍ਹ ਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਵੀਰਵਾਰ ਨੂੰ ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਦੇ ਇੱਕ ਦੂਰ-ਦੁਰਾਡੇ ਪਹਾੜੀ ਪਿੰਡ ਵਿੱਚ ਭਾਰੀ ਬੱਦਲ ਫਟਣ ਨਾਲ ਘੱਟੋ-ਘੱਟ 46 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਫਸੇ ਹੋਏ ਹਨ ਤੇ ਇਸ ਦੌਰਾਨ ਕਰੀਬ 167 ਲੋਕਾਂ ਨੂੰ ਬਚਾ ਲਿਆ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਮ੍ਰਿਤਕਾਂ ਦੀ ਗਿਣਤੀ ਵਧ ਸਕਦੀ ਹੈ ਅਤੇ ਹੁਣ ਤੱਕ ਬਚਾਏ ਗਏ 167 ਲੋਕਾਂ ਵਿੱਚੋਂ 38 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਆਫ਼ਤ ਵਿੱਚ ਸੀਆਈਐਸਐਫ ਦੇ ਦੋ ਜਵਾਨ ਵੀ ਮਾਰੇ ਗਏ ਹਨ। ਅਧਿਕਾਰੀਆਂ ਨੇ ਕਿਹਾ ਕਿ ਐਨਡੀਆਰਐਫ, ਐਸਡੀਆਰਐਫ, ਪੁਲਿਸ, ਫੌਜ ਅਤੇ ਸਥਾਨਕ ਵਲੰਟੀਅਰਾਂ ਦੁਆਰਾ ਵੱਡੇ ਪੱਧਰ 'ਤੇ ਬਚਾਅ ਕਾਰਜ ਜਾਰੀ ਹੈ। ਇਹ ਘਟਨਾ ਜੰਮੂ ਖੇਤਰ ਦੇ ਪਹਾੜੀ ਜ਼ਿਲ੍ਹੇ ਕਿਸ਼ਤਵਾੜ ਦੇ ਪੱਡਰ ਵਿੱਚ ਵਾਪਰੀ। ਅਧਿਕਾਰੀਆਂ ਦੇ ਕਹਿਣਾ ਹੈ ਕਿ ਇਹ ਗਿਣਤੀ ਹੋਰ ਵਧ ਸਕਦੀ ਹੈ।



ਰਿਪੋਰਟਾਂ ਮੁਤਾਬਕ ਪ੍ਰਭਾਵਿਤ ਖੇਤਰ 'ਚ ਵੱਡੀ ਗਿਣਤੀ ਲੋਕਾਂ ਦੇ ਫਸੇ ਹੋਣ ਦਾ ਖ਼ਦਸ਼ਾ ਹੈ। ਮਛੈਲ ਮਾਤਾ ਯਾਤਰਾ ਦੇ ਰਸਤੇ 'ਤੇ ਸਥਿਤ ਪਿੰਡ ਚਸੋਤੀ 'ਚ ਬੱਦਲ ਫਟਣ ਤੋਂ ਬਾਅਦ ਫੌਜ, NDRF ਅਤੇ SDRF ਸਮੇਤ ਬਚਾਅ ਟੀਮਾਂ ਨੂੰ ਮੌਕੇ 'ਤੇ ਭੇਜਿਆ ਗਿਆ ਹੈ। ਇਸ ਦੌਰਾਨ ਇਲਾਕੇ ਨੂੰ ਜਾਣ ਵਾਲੀਆਂ ਸੜਕਾਂ ਤਬਾਹ ਗਈਆਂ ਹਨ ਅਤੇ ਦੁਪਹਿਰ 2 ਵਜੇ ਤੱਕ ਇਲਾਕੇ ਵਿੱਚ ਬਿਜਲੀ ਜਾਂ ਟੈਲੀਫੋਨ ਕਨੈਕਟੀਵਿਟੀ ਨਹੀਂ ਸੀ। ਜ਼ਿਕਰਯੋਗ ਹੈ ਕਿ ਬੁੱਧਵਾਰ ਦੇਰ ਰਾਤ ਤੋਂ ਇਸ ਖੇਤਰ ਵਿੱਚ ਲਗਾਤਾਰ ਮੀਂਹ ਪੈਣ ਪਾਣੀ ਦਾ ਵਹਾਅ ਪਹਿਲਾਂ ਹੀ ਵਧ ਰਿਹਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਮੰਦਰ ਦੀ ਸਾਲਾਨਾ ਯਾਤਰਾ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਨੇ ਘਟਨਾ ਵਿੱਚ ਜਾਨੀ ਨੁਕਸਾਨ 'ਤੇ ਦੁੱਖ ਪ੍ਰਗਟ ਕੀਤਾ।

## ਪੰਜਾਬ ਮੰਤਰੀ ਮੰਡਲ ਨੇ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਲਈ ਦਿੱਤੀ ਪ੍ਰਵਾਨਗੀ



**ਚੰਡੀਗੜ੍ਹ।** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਲਈ ਪ੍ਰਵਾਨਗੀ ਦੇ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ ਲਿਆਂਦੀ ਗਈ ਸੀ। ਇਸ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਦੇ 164 ਪਿੰਡਾਂ ਵਿੱਚ 65533 ਏਕੜ ਜ਼ਮੀਨ ਐਕੁਆਇਰ ਕੀਤੀ ਜਾਣੀ ਸੀ। ਹਾਲਾਂਕਿ ਐਲਾਨ ਕੀਤੇ ਜਾਣ ਤੋਂ ਬਾਅਦ ਹੀ ਇਸ ਨੀਤੀ ਦਾ ਪੰਜਾਬ ਭਰ ਵਿੱਚ ਕਿਸਾਨਾਂ ਨੇ ਵਿਰੋਧ ਸ਼ੁਰੂ ਕਰ ਦਿੱਤਾ ਸੀ। ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਐਲਾਨ ਕੀਤਾ ਸੀ। ਇਸ ਦੌਰਾਨ ਸੂਬੇ ਦੀਆਂ ਕਿਸਾਨ ਜਥੇਬੰਦੀਆਂ ਨੇ ਮੰਤਰੀ ਮੰਡਲ ਮੀਟਿੰਗ ਵਿਚ ਨੋਟੀਫਿਕੇਸ਼ਨ ਰੱਦ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਸੀ। ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਦੀ ਪ੍ਰਵਾਨਗੀ ਦੇ ਦਿੱਤੀ ਹੈ।



**ਸਵਤੰਤਰਤਾ ਦਿਵਸ ਦੀ ਸਮੂਹ ਜਗਤ ਅਤੇ ਪਾਠਕਾਂ ਨੂੰ ਵਧਾਈਆਂ। ਅਦਾਰਾ 'ਸਮਾਜ ਵੀਕਲੀ' ਚ 15 ਅਗਸਤ ਨੂੰ ਛੁੱਟੀ ਰਹੇਗੀ ਅਤੇ ਅਗਲਾ ਅੰਕ 17 ਅਗਸਤ ਨੂੰ ਆਵੇਗਾ।**

# ਸ਼ਿਲਪਾ ਸ਼ੈਟੀ ਅਤੇ ਰਾਜ ਕੁੰਦਰਾ ਤੇ ਲੱਗੇ 60.4 ਕਰੋੜ ਰੁਪਏ ਦੀ ਧੋਖਾਧੜੀ ਦੇ ਦੋਸ਼

**ਮਹਾਰਾਸ਼ਟਰ,** । ਬਾਲੀਵੁੱਡ ਅਦਾਕਾਰਾ ਸ਼ਿਲਪਾ ਸ਼ੈਟੀ ਅਤੇ ਰਾਜ ਕੁੰਦਰਾ ਤੇ ਇਕ ਅਣਪਛਾਤੇ ਵਿਅਕਤੀ ਨਾਲ ਮਿਲ ਕੇ 60 ਕਰੋੜ ਰੁਪਏ ਦੀ ਧੋਖਾਧੜੀ ਦਾ ਦੋਸ਼ ਲਗਾਇਆ ਗਿਆ ਹੈ। ਇਸ ਸੰਬੰਧ ਵਿਚ ਆਰਥਿਕ ਅਪਰਾਧ ਸ਼ਾਖਾ ਨੇ ਸ਼ਿਲਪਾ ਸ਼ੈਟੀ ਅਤੇ ਰਾਜ ਕੁਦਰਾ ਵਿਰੁੱਧ ਮੁੰਬਈ ਦੇ ਇਕ ਕਾਰੋਬਾਰੀ ਨਾਲ 60.4 ਕਰੋੜ ਰੁਪਏ ਦੀ ਧੋਖਾਧੜੀ ਕਰਨ ਦਾ ਮਾਮਲਾ ਦਰਜ ਕੀਤਾ ਹੈ। ਇਹ ਧੋਖਾਧੜੀ ਉਨ੍ਹਾਂ ਦੀ ਹੁਣ ਬੰਦ ਹੋ ਚੁੱਕੀ ਕੰਪਨੀ ਬੈਸਟ ਡੀਲ ਟੀਵੀ ਪ੍ਰਾਈਵੇਟ ਲਿਮਟਿਡ ਨਾਲ ਜੁੜੇ ਇਕ ਕਰਜ਼ਾ-ਕਮ-ਨਿਵੇਸ਼ ਸੌਦੇ ਦੇ ਸੰਬੰਧ ਵਿਚ ਕੀਤੀ ਗਈ ਸੀ, ਜਿਸ ਕਾਰਨ ਹੁਣ ਅਦਾਕਾਰਾ ਅਤੇ ਉਨ੍ਹਾਂ ਦੇ ਪਤੀ ਵਿਰੁੱਧ ਜੁਹੂ ਪੁਲੀਸ ਸਟੇਸ਼ਨ ਵਿਚ ਧੋਖਾਧੜੀ ਅਤੇ ਜਾਅਲਸਾਜ਼ੀ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਹਾਲਾਂਕਿ, ਇਸ ਵਿਚ ਸ਼ਾਮਿਲ ਰਕਮ 10 ਕਰੋੜ ਰੁਪਏ ਤੋਂ ਵੱਧ ਹੈ, ਇਸ ਲਈ ਕੇਸ ਨੂੰ ਈ.ਓ.ਡਬਲਿਊ ਵਿਚ ਤਬਦੀਲ ਕਰ ਦਿੱਤਾ ਗਿਆ। ਇਹ ਪੂਰਾ ਮਾਮਲਾ ਦੀਪਕ ਕੋਠਾਰੀ ਦੁਆਰਾ ਦਰਜ



ਕਰਵਾਈ ਗਈ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਦਰਜ ਕੀਤਾ ਗਿਆ ਹੈ। ਦੀਪਕ ਕੋਠਾਰੀ ਜੁਹੂ ਨਿਵਾਸੀ ਹੈ ਅਤੇ ਇਕ ਲੋਟਸ ਕੈਪੀਟਲ ਫਾਈਨੈਂਸ਼ੀਅਲ ਸਰਵਿਸਿਜ਼ ਦਾ ਡਾਇਰੈਕਟਰ ਹੈ। ਸ਼ਿਕਾਇਤਕਰਤਾ ਦੀਪਕ ਕੋਠਾਰੀ ਨੇ ਕਿਹਾ ਕਿ ਰਾਜੇਸ਼ ਆਰੀਆ ਨਾਮ ਦੇ ਇਕ ਵਿਅਕਤੀ ਨੇ ਉਸ ਨੂੰ ਰਾਜ ਕੁੰਦਰਾ ਅਤੇ ਸ਼ਿਲਪਾ ਸ਼ੈਟੀ ਨਾਲ ਮਿਲਾਇਆ, ਜੋ ਕਿ ਘਰੇਲੂ ਖਰੀਦਦਾਰੀ ਅਤੇ ਆਨਲਾਈਨ ਰਿਟੇਲ ਪਲੇਟਫਾਰਮ ਬੈਸਟ ਡੀਲ ਟੀਵੀ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਸਨ। ਉਸ ਸਮੇਂ ਸ਼ਿਲਪਾ ਅਤੇ ਰਾਜ ਕੁੰਦਰਾ ਕਥਿਤ ਤੌਰ ਤੇ ਕੰਪਨੀ ਦੇ 87.6 ਸ਼ੇਅਰਾਂ ਦੇ ਮਾਲਕ ਸਨ। ਦੋਸ਼ੀ ਨੇ ਕਥਿਤ ਤੌਰ ਤੇ 12 ਪ੍ਰਤੀਸ਼ਤ ਵਿਆਜ ਤੇ 75 ਕਰੋੜ ਰੁਪਏ ਦਾ ਕਰਜ਼ਾ ਮੰਗਿਆ, ਪਰ ਬਾਅਦ ਵਿਚ ਉਸ ਨੂੰ ਵੱਧ ਟੈਕਸ ਤੋਂ ਬਚਣ ਲਈ ਨਿਵੇਸ਼ ਵਜੋਂ ਪੈਸੇ ਨਿਵੇਸ਼ ਕਰਨ ਲਈ ਮਨਾ ਲਿਆ ਅਤੇ ਉਸ ਨੂੰ ਮਹੀਨਾਵਾਰ ਰਿਟਰਨ ਅਤੇ ਮੂਲਧਨ ਦਾ ਵੀ ਭਰੋਸਾ ਦਿੱਤਾ ਗਿਆ। ਸ਼ਿਕਾਇਤਕਰਤਾ ਨੇ ਦਾਅਵਾ ਕੀਤਾ ਕਿ ਉਸ ਨੇ ਅਪ੍ਰੈਲ 2015 ਵਿਚ ਇਕ ਸ਼ੇਅਰ ਸਬਸਕ੍ਰਿਪਸ਼ਨ ਸਮਝੌਤੇ ਤਹਿਤ 31.9 ਕਰੋੜ ਰੁਪਏ ਅਤੇ ਸਤੰਬਰ 2015 ਵਿਚ ਇਕ ਪੂਰਕ ਸਮਝੌਤੇ ਤਹਿਤ 28.53 ਕਰੋੜ ਰੁਪਏ ਟਰਾਂਸਫਰ ਕੀਤੇ। ਐਫ.ਆਈ.ਆਰ. ਵਿਚ ਕਿਹਾ ਗਿਆ ਹੈ ਕਿ ਅਪ੍ਰੈਲ 2016 ਵਿਚ ਨਿੱਜੀ ਗਰੰਟੀ ਦੇਣ ਦੇ ਬਾਵਜੂਦ, ਸ਼ਿਲਪਾ ਸ਼ੈਟੀ ਨੇ ਸਤੰਬਰ 2016 ਵਿਚ ਡਾਇਰੈਕਟਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਕੋਠਾਰੀ ਨੂੰ ਬਾਅਦ ਵਿਚ ਪਤਾ ਲੱਗਾ ਕਿ 2017 ਵਿਚ ਇਕ ਹੋਰ ਸਮਝੌਤੇ ਤੇ ਡਿਫਾਲਟ ਹੋਣ ਕਾਰਨ ਕੰਪਨੀ ਵਿਰੁੱਧ ਦੀਵਾਲੀਆਪਨ ਦੀ ਕਾਰਵਾਈ ਚੱਲ ਰਹੀ ਸੀ। ਇਸ ਸਮੇਂ ਪੂਰਾ ਮਾਮਲਾ ਜਾਂਚ ਅਧੀਨ ਹੈ।

## ਹਿਮਾਚਲ 'ਚ ਮਾਨਸੂਨ ਦਾ ਕਹਿਰ, ਕਿਨੌਰ ਜ਼ਿਲ੍ਹੇ 'ਚ ਦੇਰ ਰਾਤ ਫਟਿਆ ਬੱਦਲ



**ਹਿਮਾਚਲ।** ਬੀਤੀ ਰਾਤ ਹਿਮਾਚਲ ਪ੍ਰਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਭਾਰੀ ਮੀਂਹ ਪਿਆ। ਸ਼ਿਮਲਾ, ਕੁੱਲੂ, ਸੋਲਨ ਅਤੇ ਸਿਰਮੌਰ ਦੇ ਕਈ ਹਿੱਸਿਆਂ ਵਿੱਚ ਲੋਕ ਰਾਤ ਭਰ ਜਾਗਦੇ ਰਹੇ। ਕਿਨੌਰ ਦੇ ਪੂਹ ਵਿੱਚ ਬੱਦਲ ਫਟਣ ਤੋਂ ਬਾਅਦ ਸਤਲੁਜ ਦੇ ਪਾਣੀ ਦਾ ਪੱਧਰ ਵਧਣ ਤੋਂ ਬਾਅਦ ਰਾਮਪੁਰ ਬਾਜ਼ਾਰ ਵਿੱਚ ਨਦੀ ਦੇ ਕਿਨਾਰੇ ਰਹਿੰਦੇ ਘਰਾਂ ਨੂੰ ਖਾਲੀ ਕਰਵਾ ਲਿਆ ਗਿਆ। ਭਾਰੀ ਮੀਂਹ ਦੀ ਚੇਤਾਵਨੀ ਦੇ ਮੱਦੇਨਜ਼ਰ, ਊਨਾ ਜ਼ਿਲ੍ਹੇ ਅਤੇ ਕੁੱਲੂ ਦੇ ਬੰਜਾਰ ਸਬ-ਡਿਵੀਜ਼ਨ ਦੇ ਸਕੂਲਾਂ ਨੂੰ ਅੱਜ ਬੰਦ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਸ਼ਿਮਲਾ, ਥਿਓਗ, ਕੋਟਖਾਈ ਅਤੇ ਕੁੱਲੂ ਵਿੱਚ 20 ਤੋਂ ਵੱਧ ਵਾਹਨ ਮਲਬੇ ਹੇਠ ਦੱਬ ਗਏ। ਭਾਰੀ ਮੀਂਹ ਤੋਂ ਬਾਅਦ ਜ਼ਮੀਨ ਖਿਸਕਣ ਕਾਰਨ 3 ਰਾਸ਼ਟਰੀ ਰਾਜਮਾਰਗਾਂ ਸਮੇਤ 500 ਤੋਂ ਵੱਧ ਸੜਕਾਂ ਬੰਦ ਹੋ ਗਈਆਂ। ਸ਼ਿਮਲਾ ਵਿੱਚ ਸਵੇਰੇ 2 ਵਜੇ ਸ਼ੁਰੂ ਹੋਈ ਭਾਰੀ ਬਾਰਿਸ਼ ਤੋਂ ਬਾਅਦ ਡਰੇ ਹੋਏ ਲੋਕ ਰਾਤ ਭਰ ਜਾਗਦੇ ਰਹੇ। ਮੌਸਮ ਵਿਭਾਗ ਨੇ ਅੱਜ ਚੰਬਾ, ਕਾਂਗੜਾ ਅਤੇ ਮੰਡੀ ਜ਼ਿਲ੍ਹਿਆਂ ਵਿੱਚ ਔਰੇਂਜ ਚੇਤਾਵਨੀ ਜਾਰੀ ਕੀਤੀ ਹੈ। ਹੋਰ ਜ਼ਿਲ੍ਹਿਆਂ ਵਿੱਚ ਯੈਲੋ ਚੇਤਾਵਨੀ ਜਾਰੀ ਕੀਤੀ ਗਈ ਹੈ। ਪੱਛਮੀ ਗੜਬੜੀ ਕੱਲ੍ਹ ਤੋਂ ਥੋੜ੍ਹੀ ਕਮਜ਼ੋਰ ਹੋ ਜਾਵੇਗੀ ਪਰ ਰਾਜ ਦੇ ਕਈ ਹਿੱਸਿਆਂ ਵਿੱਚ ਹਲਕੀ ਬਾਰਿਸ਼ ਜਾਰੀ ਰਹੇਗੀ।

## ਸਾਬਕਾ ਫ਼ੌਜੀਆਂ ਵਲੋਂ ਅਜ਼ਾਦੀ ਦਿਹਾੜੇ ਦੇ ਸਮਾਰੋਹ ਦੇ ਬਾਈਕਾਟ ਦਾ ਫ਼ੈਸਲਾ



**ਚੰਡੀਗੜ੍ਹ।** ਸਾਬਕਾ ਸੈਨਿਕਾਂ ਨੇ ਸਰਕਾਰੀ ਸਮਾਗਮ ਵਿੱਚ ਸ਼ਿਰਕਤ ਕਰਨ ਤੋਂ ਨਾ ਕਰ ਦਿੱਤੀ ਹੈ। ਇਥੇ ਜਾਰੀ ਬਿਆਨ ਵਿੱਚ ਸੇਵਾ ਮੁਕਤ ਕਰਨਲ ਐਸ.ਐਸ. ਸੋਹੀ ਨੇ ਦਸਿਆ ਕਿ ਪੰਜਾਬ ਪੁਲਿਸ ਦੇ ਕਰਮਚਾਰੀਆਂ ਵੱਲੋਂ ਸੈਨਿਕਾਂ (ਇਸ ਸ਼ਬਦ ਵਿੱਚ ਨੇਵੀ ਅਤੇ ਹਵਾਈ ਸੈਨਾ ਦੇ ਮੈਂਬਰ ਸ਼ਾਮਲ ਹਨ) ਅਤੇ ਸਾਬਕਾ ਸੈਨਿਕਾਂ ਨਾਲ ਦੁਰਵਿਵਹਾਰ ਦੇ ਕਈ ਮਾਮਲੇ ਸਾਹਮਣੇ ਆਏ ਹਨ, ਜਿਸ ਵਿੱਚ ਮੀਡੀਆ ਦੁਆਰਾ ਰਿਪੋਰਟ ਕੀਤੇ ਮਾਮਲੇ ਵੀ ਸ਼ਾਮਲ ਹਨ। ਹਾਲੀਆ ਘਟਨਾਵਾਂ ਵਿੱਚ ਸੇਵਾ ਨਿਭਾ ਰਹੇ ਨਾਇਕ ਅਬਦੁਲ ਸੱਤਾਰ ਅਤੇ ਕਰਨਲ ਪੀ.ਐੱਸ. ਬਾਠ ਦੇ ਮਾਮਲੇ ਸ਼ਾਮਲ ਹਨ। ਇਸ ਸਬੰਧੀ ਪੱਤਰਕਾਰ ਸੰਮੇਲਨ ਵਿੱਚ ਗੱਲਬਾਤ ਕਰਦਿਆਂ ਐਕਸ ਸਰਵਿਸ ਸੈਲ ਦੇ ਪ੍ਰਧਾਨ ਲੈਫਟੀਨੈਂਟ ਕਰਨਲ ਐਸ ਐਸ ਸੋਹੀ (ਸੇਵਾ ਮੁਕਤ) ਨੇ ਕਿਹਾ ਕਿ ਮਲੇਰਕੋਟਲਾ ਦੇ ਫੌਜੀ ਜਵਾਨ ਅਬਦੁਲ ਸਤਾਰ ਨੂੰ ਉੱਥੋਂ ਦੇ ਕੁਝ ਅਸਰ ਰਸੂਖ ਵਾਲੇ ਲੋਕਾਂ ਨੇ ਬੁਰੀ ਤਰ੍ਹਾਂ ਕੁੱਟਮਾਰ ਕਰਕੇ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ ਗਿਆ। ਜਦੋਂ ਉਹ ਪੁਲਿਸ ਸਟੇਸ਼ਨ ਗਿਆ, ਤਾਂ ਉੱਥੇ ਦੀ ਮਹਿਲਾ ਐਸ.ਐੱਚ.ਓ. ਨੇ ਬੇਹੱਦ ਬੇਰੁਖ਼ੀ ਦਿਖਾਈ ਅਤੇ ਉਸਨੂੰ ਡਾਕਟਰੀ ਸਹਾਇਤਾ ਦੇਣ ਜਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਕੋਈ ਸਹਾਇਤਾ ਨਾ ਕੀਤੀ। ਉਹਨਾਂ ਕਿਹਾ ਕਿ ਪ੍ਰਮੁੱਖ ਸਾਬਕਾ ਸੈਨਿਕਾਂ ਤੋਂ ਜ਼ਬਰਦਸਤੀ ਵਸੂਲੀ ਅਤੇ ਇਸ ਸਬੰਧ ਵਿੱਚ ਪੁਲਿਸ ਵੱਲੋਂ ਦੋਸ਼ੀਆਂ ਵਿਰੁੱਧ ਕਾਰਵਾਈ ਨਾ ਕਰਨ ਦੇ ਮਾਮਲੇ ਵੀ ਸਾਹਮਣੇ ਆਏ ਹਨ। ਪੀੜਤ ਪਰਵਾਰ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਨਿਰਪੱਖ ਜਾਂਚ ਲਈ ਸੀਬੀਆਈ ਕੋਲ ਜਾਣ ਵਾਸਤੇ ਇੱਕ ਥਾਂ ਤੋਂ ਦੂਜੇ ਥਾਂ ਭਟਕਣਾ ਪਿਆ, ਜਿਸ ਕਾਰਨ ਉਨ੍ਹਾਂ ਨੂੰ ਮਾਨਯੋਗ ਹਾਈ ਕੋਰਟ ਜਾਣਾ ਪਿਆ। ਹਾਈ ਕੋਰਟ ਨੇ ਕੇਸ ਸੀਬੀਆਈ ਨੂੰ ਤਬਦੀਲ ਕੀਤਾ, ਜਿਸ ਵਿਰੁੱਧ ਕਥਿਤ ਦੋਸ਼ੀਆਂ ਨੇ ਮਾਨਯੋਗ ਸੁਪਰੀਮ ਕੋਰਟ ਰੁਖ਼ ਕੀਤਾ, ਪਰ ਸੁਪਰੀਮ ਕੋਰਟ ਨੇ ਕੇਸ ਨੂੰ ਬਹੁਤ ਸਖ਼ਤ ਟਿੱਪਣੀਆਂ ਨਾਲ ਰੱਦ ਕਰ ਦਿੱਤਾ। ਅਸੀਂ ਅਦਾਲਤਾਂ ਦੇ ਧਨਵਾਦੀ ਹਾਂ। ਉਹਨਾਂ ਕਿਹਾ ਕਿ ਸਾਬਕਾ ਸੈਨਿਕਾਂ ਨੇ 15 ਅਗਸਤ ਨੂੰ ਪੰਜਾਬ ਸਰਕਾਰ ਦੇ ਆਜ਼ਾਦੀ ਦਿਵਸ ਸਮਾਗਮ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਰਾਹੁਲ ਗਾਂਧੀ ਅਤੇ 'ਇੰਡੀਆ' ਗੱਠਜੋੜ ਦੇ ਨੇਤਾ 17 ਅਗੱਸਤ ਤੋਂ ਬਿਹਾਰ ਵਿਚ ਕੱਢਣਗੇ 'ਵੋਟ ਅਧਿਕਾਰ ਯਾਤਰਾ'

**ਨਵੀਂ ਦਿੱਲੀ।** ਕਾਂਗਰਸ ਨੇਤਾ ਰਾਹੁਲ ਗਾਂਧੀ ਬਿਹਾਰ 'ਚ 'ਇੰਡੀਆ' ਗੱਠਜੋੜ ਦੇ ਨੇਤਾਵਾਂ ਨਾਲ ਮਿਲ ਕੇ ਵੋਟਰ ਸੂਚੀਆਂ ਦੀ ਸੋਧ ਦੇ ਵਿਰੋਧ 'ਚ ਅਤੇ ਵੋਟ ਚੋਰੀ ਵਿਰੁਧ ਲੜਾਈ ਨੂੰ ਜਨ ਅੰਦੋਲਨ ਬਣਾਉਣ ਲਈ 17 ਅਗੱਸਤ ਤੋਂ ਸੂਬੇ ਭਰ 'ਚ 'ਵੋਟ ਅਧਿਕਾਰ ਯਾਤਰਾ' ਸ਼ੁਰੂ ਕਰਨਗੇ। ਕਾਂਗਰਸ ਦੇ ਜਨਰਲ ਸਕੱਤਰ ਇੰਚਾਰਜ ਸੰਗਠਨ ਕੇ.ਸੀ. ਵੇਣੂਗੋਪਾਲ ਨੇ 'ਐਕਸ' ਉਤੇ ਯਾਤਰਾ ਦਾ ਐਲਾਨ ਕੀਤਾ ਅਤੇ ਕਿਹਾ ਕਿ ਸਾਡੇ ਲੋਕਤੰਤਰ ਦੀ ਰੱਖਿਆ ਦੀ ਲੜਾਈ ਸੜਕਾਂ ਉਤੇ ਹੋਵੇਗੀ। ਉਨ੍ਹਾਂ ਕਿਹਾ ਕਿ 17 ਅਗੱਸਤ ਤੋਂ ਲੋਕ ਸਭਾ ਮੈਂਬਰ ਰਾਹੁਲ ਗਾਂਧੀ ਜੀ ਅਤੇ ਭਾਰਤੀ ਪਾਰਟੀਆਂ ਖਤਰਨਾਕ ਐਸ.ਆਈ.ਆਰ. ਅਭਿਆਸ ਦੇ ਵਿਰੁਧ ਅਤੇ ਵੋਟ ਚੋਰੀ ਵਿਰੁਧ ਲੜਾਈ ਨੂੰ ਜਨ ਅੰਦੋਲਨ ਬਣਾਉਣ ਲਈ ਪੂਰੇ



ਬਿਹਾਰ ਵਿਚ ਵਿਸ਼ਾਲ ਵੋਟ ਅਧਿਕਾਰ ਯਾਤਰਾ ਸ਼ੁਰੂ ਕਰਨਗੀਆਂ। ਇਸ ਸੰਦਰਭ ਵਿਚ ਵੇਣੂਗੋਪਾਲ ਨੇ ਕਿਹਾ ਕਿ ਉਨ੍ਹਾਂ ਨੇ ਯਾਤਰਾ ਦੀਆਂ ਤਿਆਰੀਆਂ, ਲਾਮਬੰਦੀ ਅਤੇ ਸੁਚਾਰੂ ਤਾਲਮੇਲ ਸਥਾਪਤ ਕਰਨ ਲਈ ਬੁਧਵਾਰ ਨੂੰ ਸਾਸਾਰਾਮ ਵਿਚ ਇੰਡੀਆ ਬਲਾਕ ਦੇ ਨੇਤਾਵਾਂ ਨਾਲ ਮੁਲ-ਾਕਾਤ ਕੀਤੀ। ਇਹ ਯਾਤਰਾ 1 ਸਤੰਬਰ ਨੂੰ ਪਟਨਾ ਦੇ ਗਾਂਧੀ ਮੈਦਾਨ ਵਿਚ ਇਕ ਰੈਲੀ ਨਾਲ ਸਮਾਪਤ ਹੋਵੇਗੀ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪਾਕਿਸਤਾਨ ਵਿੱਚ ਆਜ਼ਾਦੀ ਦਿਹਾੜੇ ਮੌਕੇ ਲਾਪਰਵਾਹੀ ਨਾਲ ਹਵਾਈ ਫਾਇਰਿੰਗ ਦੌਰਾਨ 3 ਵਿਅਕਤੀਆਂ ਦੀ ਮੌਤ




**ਕਰਾਚੀ,** । ਪਾਕਿਸਤਾਨ ਦੇ ਕਰਾਚੀ ਵਿੱਚ ਆਜ਼ਾਦੀ ਦਿਹਾੜੇ ਦੇ ਜਸ਼ਨਾਂ ਦੌਰਾਨ ਲਾਪਰਵਾਹੀ ਨਾਲ ਕੀਤੀ ਹਵਾਈ ਫਾਇਰਿੰਗ ਕਾਰਨ ਇੱਕ ਸੀਨੀਅਰ ਨਾਗਰਿਕ ਅਤੇ ਇੱਕ 8 ਸਾਲ ਦੀ ਲੜਕੀ ਸਮੇਤ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ, ਜਦੋਂ ਕਿ 60 ਤੋਂ ਵੱਧ ਲੋਕ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਏ। ਇਹ ਘਟਨਾਵਾਂ ਪੂਰੇ ਸ਼ਹਿਰ ਵਿੱਚ ਵਾਪਰੀਆਂ, ਅਜ਼ੀਜ਼ਾਬਾਦ ਵਿੱਚ ਛੋਟੀ ਲੜਕੀ ਇੱਕ ਭਟਕੀ ਹੋਈ ਗੋਲੀ ਦਾ ਸ਼ਿਕਾਰ ਹੋ ਗਈ ਅਤੇ ਕੋਰੰਗੀ ਵਿੱਚ ਸਟੀਫਨ ਨਾਮਕ ਇੱਕ ਵਿਅਕਤੀ ਮਾਰਿਆ ਗਿਆ। ਸ਼ਹਿਰ ਭਰ ਵਿੱਚ ਵਾਪਰੀਆਂ ਘਟਨਾਵਾਂ ਵਿੱਚ 64 ਹੋਰ ਲੋਕ ਗੋਲੀ ਲੱਗਣ ਕਾਰਨ ਜ਼ਖਮੀ ਹੋਏ ਹਨ। ਬਚਾਅ ਅਧਿਕਾਰੀਆਂ ਨੇ ਦੱਸਿਆ ਕਿ ਜਸ਼ਨਾਂ ਵਿੱਚ ਚਲਾਈ ਗਈ ਗੋਲੀਬਾਰੀ ਕਾਰਨ ਦਰਜਨਾਂ ਲੋਕ ਜ਼ਖਮੀ ਹੋਏ ਹਨ। ਅਧਿਕਾਰੀਆਂ ਨੇ ਇਸ ਪ੍ਰਥਾ ਦੀ ਲਾਪਰਵਾਹੀ ਅਤੇ ਖਤਰਨਾਕ ਕਾਰਵਾਈ ਵਜੋਂ ਨਿੰਦਾ ਕੀਤੀ, ਨਾਗਰਿਕਾਂ ਨੂੰ ਆਜ਼ਾਦੀ ਦਿਹਾੜਾ ਸੁਰੱਖਿਅਤ ਤਰੀਕਿਆਂ ਨਾਲ ਮਨਾਉਣ ਦੀ ਅਪੀਲ ਕੀਤੀ। ਪੁਲੀਸ ਨੇ ਆਪਣੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਭਰੋਸਾ ਦਿੱਤਾ ਹੈ ਕਿ ਹਵਾਈ ਫਾਇਰਿੰਗ ਵਿੱਚ ਸ਼ਾਮਲ ਪਾਏ ਗਏ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਏ.ਆਰ.ਵਾਈ. ਨਿਊਜ਼ ਵੱਲੋਂ ਪ੍ਰਾਪਤ ਇੱਕ ਰਿਪੋਰਟ ਅਨੁਸਾਰ ਜਨਵਰੀ ਵਿੱਚ ਕਰਾਚੀ ਵਿੱਚ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਪੰਜ ਔਰਤਾਂ ਸਮੇਤ ਘੱਟੋ-ਘੱਟ 42 ਲੋਕਾਂ ਦੀ ਜਾਨ ਗਈ ਸੀ। ਇਸ ਤੋਂ ਇਲਾਵਾ, ਇਨ੍ਹਾਂ ਘਟਨਾਵਾਂ ਵਿੱਚ ਪੰਜ ਔਰਤਾਂ ਸਮੇਤ 233 ਲੋਕ ਜ਼ਖਮੀ ਹੋਏ ਸਨ।

# ਸੁਪਰੀਮ ਕੋਰਟ ਨੇ ਅਦਾਕਾਰ ਦਰਸ਼ਨ ਨੂੰ ਮਿਲੀ ਜ਼ਮਾਨਤ ਰੱਦ ਕੀਤੀ



**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਅੱਜ ਰੇਣੂਕਾਸਵਾਮੀ ਕਤਲ ਕੇਸ ਵਿੱਚ ਅਭਿਨੇਤਾ ਦਰਸ਼ਨ ਨੂੰ ਮਿਲੀ ਜ਼ਮਾਨਤ ਰੱਦ ਕਰ ਦਿੱਤੀ ਹੈ। ਜਸਟਿਸ ਜੇਬੀ ਪਾਰਦੀਵਾਲਾ ਅਤੇ ਆਰ ਮਹਾਦੇਵਨ ਦੇ ਬੈਂਚ ਨੇ ਕਰਨਾਟਕ ਹਾਈ ਕੋਰਟ ਦੇ ਹੁਕਮ ਨੂੰ ਰੱਦ ਕਰਦਿਆਂ ਕਿਹਾ ਕਿ ਇਸ ਵਿੱਚ ਕਈ ਖਾਮੀਆਂ ਹਨ। ਬੈਂਚ ਨੇ ਕਿਹਾ ਕਿ ਅਸੀਂ ਸਭ ਕੁਝ ਵਿਚਾਰਿਆ ਹੈ। ਜ਼ਮਾਨਤ ਦੇਣ ਦੇ ਨਾਲ-ਨਾਲ ਰੱਦ ਕਰਨਾ ਵੀ। ਇਹ ਸਪੱਸ਼ਟ ਹੈ ਕਿ ਹਾਈ ਕੋਰਟ ਦਾ ਹੁਕਮ ਗੰਭੀਰ ਖਾਮੀਆਂ ਭਰਿਆ ਹੈ, ਇਸ ਦੀ ਬਜਾਏ ਇਹ ਇੱਕ ਮਕੈਨੀਕਲ ਅਭਿਆਸ ਨੂੰ ਦਰਸਾਉਂਦਾ ਹੈ ਅਤੇ ਇਸ ਤੋਂ ਇਲਾਵਾ, ਹਾਈ ਕੋਰਟ ਨੇ ਪ੍ਰੀ-ਟਰਾਇਲ ਪੜਾਅ ਤੇ ਜਾਂਚ ਕੀਤੀ। ਬੈਂਚ ਨੇ ਕਿਹਾ ਕਿ ਟ੍ਰਾਇਲ ਕੋਰਟ ਹੀ ਇਕੱਲੀ ਉਚਿਤ ਫੋਰਮ ਹੈ। ਚੰਗੀ ਤਰ੍ਹਾਂ ਸਥਾਪਿਤ ਦੋਸ਼, ਫੋਰੈਂਸਿਕ ਸਬੂਤਾਂ ਦੇ ਨਾਲ ਜ਼ਮਾਨਤ ਦੀ ਰੱਦ ਕਰਨ ਨੂੰ ਹੋਰ ਮਜ਼ਬੂਤ ਕਰਦੇ ਹਨ, ਪਟੀਸ਼ਨਰ ਨੂੰ ਮਿਲੀ ਜ਼ਮਾਨਤ ਰੱਦ ਕੀਤੀ ਜਾਂਦੀ ਹੈ। ਇਹ ਫੈਸਲਾ ਕਰਨਾਟਕ ਸਰਕਾਰ ਵੱਲੋਂ ਰਾਜ ਦੇ ਹਾਈ ਕੋਰਟ ਦੇ 13 ਦਸੰਬਰ, 2024 ਦੇ ਦਰਸ਼ਨ ਅਤੇ ਸਹਿ-ਦੋਸ਼ੀ ਨੂੰ ਜ਼ਮਾਨਤ ਦੇਣ ਦੇ ਆਦੇਸ਼ ਵਿਰੁੱਧ ਦਾਇਰ ਅਪੀਲ ਤੇ ਆਇਆ ਹੈ। ਦਰਸ਼ਨ, ਅਭਿਨੇਤਰੀ ਪਵਿੱਤਰਾ ਗੌੜਾ ਅਤੇ ਕਈ ਹੋਰਾਂ ਤੇ 33 ਸਾਲਾ ਰੇਣੂਕਾਸਵਾਮੀ ਨੂੰ ਅਗਵਾ ਕਰਨ ਅਤੇ ਤਸੀਹੇ ਦੇਣ ਦਾ ਦੋਸ਼ ਹੈ। ਪੁਲੀਸ ਨੇ ਦੋਸ਼ ਲਗਾਇਆ ਹੈ ਕਿ ਪੀੜਤ ਨੂੰ ਜੂਨ 2024 ਵਿੱਚ ਬੰਗਲੂਰੂ ਵਿੱਚ ਇੱਕ ਸ਼ੈਡ ਵਿੱਚ ਤਿੰਨ ਦਿਨਾਂ ਤੱਕ ਰੱਖਿਆ ਗਿਆ, ਤਸੀਹੇ ਦਿੱਤੇ ਗਏ ਅਤੇ ਉਸਦੀ ਲਾਸ਼ ਇੱਕ ਨਾਲੇ ਵਿੱਚੋਂ ਬਰਾਮਦ ਕੀਤੀ ਗਈ।


SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਬੰਦੀ ਸਿੰਘਾਂ ਸਮੇਤ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਕੈਦੀ ਤੁਰੰਤ ਰਿਹਾ ਕੀਤੇ ਜਾਣ - ਲਿਬਰੇਸ਼ਨ

## ਸੁਪਰੀਮ ਕੋਰਟ ਵਲੋਂ ਇਸ ਸਬੰਧੀ ਜਾਰੀ ਹਿਦਾਇਤਾਂ ਨੂੰ ਅਮਲ ਵਿੱਚ ਲਿਆਉਣ ਦੀ ਮੰਗ

**ਮਾਨਸਾ, (ਜਸਵੰਤ ਗਿੱਲ ਸਮਾਲਸਰ)** ਸੀਪੀਆਈ (ਐਮ ਐਲ) ਲਿਬਰੇਸ਼ਨ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਸੁਪਰੀਮ ਕੋਰਟ ਵਲੋਂ ਅਪਣੀ ਸਜ਼ਾ ਪੂਰੀ ਕਰ ਚੁੱਕੇ ਸਾਰੇ ਕੈਦੀਆਂ ਨੂੰ ਤੁਰੰਤ ਰਿਹਾਅ ਕਰਨ ਸਬੰਧੀ ਦਿੱਤੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਪੰਜਾਬ ਦੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਕੈਦੀਆਂ ਸਮੇਤ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਸਾਰੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਯਕੀਨੀ ਬਣਾਇਆ ਜਾਵੇ। ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਾਜਵਿੰਦਰ ਸਿੰਘ ਰਾਣਾ ਨੇ ਇਸ ਸਬੰਧੀ ਇਕ ਵਿਸ਼ੇਸ਼ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਬੇਸ਼ੱਕ ਬੀਤੇ ਵਿੱਚ ਅਕਾਲੀ ਭਾਜਪਾ ਤੇ ਕਾਂਗਰਸ ਦੀਆਂ ਸੂਬਾਈ ਸਰਕਾਰਾਂ ਨੇ ਇਸ ਅਹਿਮ ਮੁੱਦੇ ਬਾਰੇ ਕਦੇ ਮੂੰਹ ਨਹੀਂ ਖੋਲ੍ਹਿਆ। ਜਦੋਂ ਦੀ ਆਪ ਸਰਕਾਰ ਬਣੀ ਹੈ, ਉਦੋਂ ਤੋਂ ਹੀ ਲਿਬਰੇਸ਼ਨ ਸਮੇਤ ਬਹੁਤ ਸਾਰੀਆਂ ਜਮਹੂਰੀ ਤਾਕਤਾਂ ਅਪਣੀਆਂ ਸਜ਼ਾਵਾਂ ਪੂਰੀਆਂ ਕਰ



ਚੁੱਕੇ ਸਾਰੇ ਬੰਦੀ ਸਿੰਘਾਂ ਦੀਆਂ ਰਿਹਾਈਆਂ ਦੀ ਮੰਗ ਕਰਦੀਆਂ ਆ ਰਹੀਆਂ ਹਨ। ਹੁਣ ਜਦੋਂ ਉਹੀ ਹਿਦਾਇਤਾਂ ਦੇਸ਼ ਦੀ ਸਰਬ ਉੱਚ ਅਦਾਲਤ ਵਲੋਂ ਕੀਤੀਆਂ ਜਾ ਚੁੱਕੀਆਂ ਹਨ, ਤਾਂ ਮਾਨ ਸਰਕਾਰ ਨੂੰ ਜਿਥੇ ਅਜਿਹੇ ਸਾਰੇ ਕੈਦੀਆਂ ਨੂੰ ਛੇਤੀ ਤੋਂ ਛੇਤੀ ਰਿਹਾਅ ਕਰ ਦੇਣਾ ਚਾਹੀਦਾ ਹੈ, ਉਥੇ ਦਿੱਲੀ ਤੇ ਹੋਰ ਸੂਬਿਆਂ ਦੀਆਂ ਜੇਲ੍ਹਾਂ ਵਿੱਚ ਬੰਦ ਸਿੱਖ ਬੰਦੀਆਂ ਦੀ ਰਿਹਾਈ ਲਈ ਲੋੜੀਂਦੀ ਪ੍ਰਕਿਰਿਆ ਵੀ ਤੇਜ਼ੀ ਨਾਲ ਨੇਪਰੇ ਚਾੜ੍ਹਨੀ ਚਾਹੀਦੀ ਹੈ। ਲਿਬਰੇਸ਼ਨ ਆਗੂ ਨੇ ਕਿਹਾ ਕਿ ਸਾਨੂੰ ਸੁਚੇਤ ਹੋਣਾ ਚਾਹੀਦਾ ਹੈ ਕਿ ਘੱਟ ਗਿਣਤੀ ਸਿੱਖ ਭਾਈਚਾਰੇ ਵਿੱਚ ਅਪਣਾ ਅਸਰ ਰਸੂਖ ਵਧਾਉਣ ਲਈ ਬੰਦੀ ਸਿੰਘਾਂ ਦੀਆਂ ਰਿਹਾਈਆਂ ਦੇ ਇਸ ਮਾਮਲੇ ਨੂੰ ਵਰਤਣ ਲਈ ਬੀਜੇਪੀ ਪੂਰੀ ਤਰ੍ਹਾਂ ਤਿਆਰ ਬੈਠੀ ਹੈ। ਇਸ ਲਈ ਜੇਕਰ ਮਾਨ ਸਰਕਾਰ ਇਸ ਸੁਆਲ 'ਤੇ ਕਿਸੇ ਵੀ ਕਿਸਮ ਦੀ ਢਿੱਲ ਮੱਠ ਜਾਂ ਟਾਲ ਮਟੋਲ ਕਰਦੀ ਹੈ, ਤਾਂ ਇਸ ਕੋਤਾਹੀ ਨੂੰ ਪੰਜਾਬ ਦੀ ਨਿਆਂ ਪਸੰਦ ਜਨਤਾ ਕਦਾਚਿੱਤ ਵੀ ਮਾਫ਼ ਨਹੀਂ ਕਰੇਗੀ। ਇਸ ਮੀਟਿੰਗ ਵਿੱਚ ਕਾਮਰੇਡ ਨਛੱਤਰ ਸਿੰਘ ਖੀਵਾ, ਜਸਬੀਰ ਕੌਰ ਨੱਤ, ਗੁਰਸੇਵਕ ਸਿੰਘ ਮਾਨ, ਸੁਖਦਰਸ਼ਨ ਸਿੰਘ ਨੱਤ, ਸੁਖਜੀਤ ਸਿੰਘ ਰਾਮਾਨੰਦੀ, ਅਮਨਦੀਪ, ਹਰਬੰਸ ਸਿੰਘ ਅਤੇ ਕੁਲਵੰਤ ਸਿੰਘ ਮਾਨਸ਼ਾਹੀਆ ਸਮੇਤ ਹੋਰ ਸਾਥੀ ਵੀ ਸ਼ਾਮਲ ਸਨ।

# ਮਾਨਚੈਸਟਰ ਚ ਚੜਦੇ ਅਤੇ ਲਹਿੰਦੇ ਪੰਜਾਬ ਦੀਆਂ ਮੁਟਿਆਰਾਂ ਦੇ 'ਮਿਸ ਟਾਇਲੈਂਟਡ ਪੰਜਾਬਣ' 'ਮੁਕਾਬਲੇ ਕਰਵਾਏ ਗਏ

## ਸਪਰੀ ਸ਼ਰਮਾ ਪਹਿਲੇ,ਤਨਵੀਰ ਕੌਰ ਦੂਜੇ,ਅਤੇ ਸੁਖਬੀਰ ਕੌਰ ਤੀਜੇ ਸਥਾਨ ਤੇ ਰਹੀ

**ਮਾਨਚੈਸਟਰ(ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)-** ਇੰਗਲੈਡ ਦੇ ਸ਼ਹਿਰ ਮਾਨਚੈਸਟਰ ਦੇ 'ਸਾਂਝਾ ਵਿਰਸਾ' ਗਰੁੱਪ ਦੀਆਂ ਪ੍ਰਬੰਧਕਾਂ ਰੋਜੀ ਕੌਰ ਅਤੇ ਗਗਨ ਸਿੱਧੂ ਵੱਲੋਂ ਇੰਗਲੈਂਡ ਦੇ ਸ਼ਹਿਰ ਮਾਨਚੈਸਟਰ ਚ ਚੜਦੇ ਅਤੇ ਲਹਿੰਦੇ ਪੰਜਾਬ ਦੀਆਂ ਪੰਜਾਬਣ ਮੁਟਿਆਰਾਂ ਦੇ 'ਮਿਸ ਟਾਇਲੈਂਟਡ ਪੰਜਾਬਣ' ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਇੰਗਲੈਂਡ ਸਮੇਤ ਯੂਰਪ ਤੋਂ ਪੁੱਜੀਆਂ ਮੁਟਿਆਰਾਂ ਵੱਲੋਂ ਆਪੋ ਆਪਣੀ ਕਲਾ ਦੇ ਜ਼ੋਹਰ ਵਿਖਾਏ ਗਏ। ਇਹਨਾਂ ਮੁਕਾਬਲਿਆਂ ਚ ਸਮੀਨਾ ਖਾਨ, ਸਮੀਮਾਂ ਖਾਨ, ਰਿਦਮ ਬਰਦਬਾਜ, ਆਰ ਜੇ ਜੋਤੀ, ਆਰੀਆ ਰਜਨੀ ਅਤੇ ਮੋਹਣੀ ਬਸਰਾ ਵੱਲੋਂ ਜੱਜ ਦੀ ਭੂਮਿਕਾ ਨਿਭਾਈ ਗਈ। ਇਹਨਾਂ ਮੁਕਾਬਲਿਆਂ ਚ ਸਪਰੀ ਸ਼ਰਮਾ ਪਹਿਲੇ, ਤਨਵੀਰ ਕੌਰ ਦੂਜੇ ਅਤੇ ਸੁਖਬੀਰ ਕੌਰ ਤੀਜੇ ਸਥਾਨ ਤੇ ਰਹੀਆਂ। ਜੇਤੂ ਰਹੀਆਂ ਮੁਟਿਆਰਾਂ ਨੂੰ ਮੌਕੇ ਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਪਹਿਲੇ ਸਥਾਨ ਤੇ ਆਉਣ ਵਾਲੀ ਪ੍ਰਤੀਯੋਗੀਤਾਂ ਸਪਰੀ ਸ਼ਰਮਾ ਨੂੰ ਪ੍ਰਬੰਧਕਾਂ ਵੱਲੋਂ ਤਾਜ ਪੈਨਾ ਕੇ ਯਾਦ ਕਰ ਸੀਲਡ ਨਾਲ ਸਨਮਾਨਿਤ ਕੀਤਾ ਗਿਆ।ਇਸ ਪ੍ਰੋਗਰਾਮ ਚ ਕੋਸਲਰ ਜਾਸਮੀਨ ਦਾਰ,ਕੋਸਲਰ ਈਸਾ ਮੁਸਤਾਨ ਨੇ ਆਪਣੀਆਂ ਸਾਥਣਾਂ ਸਮੇਤ ਹਾਜਰੀ ਭਰੀ।ਇਸ ਮੌਕੇ ਤੇ ਕੋਸਲਰ ਹੁਸੈਨ ਰਿਜ਼ਰਵਡ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਦੌਰਾਨ ਪ੍ਰਬੰਧਕਾਂ ਵੱਲੋਂ ਚੜਦੇ ਅਤੇ ਲਹਿੰਦੇ ਪੰਜਾਬ ਦੀਆਂ ਪੰਜਾਬਣ ਮੁਟਿਆਰਾਂ ਲਈ ਮੁਫਤ ਰੱਖਿਆ ਗਿਆ,ਅਤੇ ਇਸ ਸਾਰੇ ਪ੍ਰੋਗਰਾਮ ਦੌਰਾਨ ਪੀਂਘਾਂ, ਪੰਜਾਬੀ ਗਹਿਣਿਆਂ ਦੇ ਸਟਾਲ ਖਿੱਚ ਦਾ ਕੇਂਦਰ ਬਣੇ ਰਹੇ।



ਪਹਿਲੇ ਨੰਬਰ ਤੇ ਆਉਣ ਵਾਲੀ ਮੁਟਿਆਰ ਸਪਰੀ ਸ਼ਰਮਾ ਨੂੰ ਤਾਜ ਪਹਿਨਾ ਕੇ ਤੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕਰਦੀਆਂ ਹੋਈਆਂ ਪ੍ਰਬੰਧਕਾਂ ਤੇ ਜੱਜ। ਤਸਵੀਰ:- ਸੁਖਜਿੰਦਰ ਸਿੰਘ ਢੱਡੇ

for more news visit:
www.samajweekly.com

# ਪੀ.ਆਰ.ਐਸ.ਸੀ. ਵੱਲੋਂ ਨੈਸ਼ਨਲ ਰਿਮੋਟ ਸੈਸਿੰਗ ਅਤੇ ਨੈਸ਼ਨਲ ਸਪੇਸ ਦਿਵਸ 2025 ਮਨਾਇਆ ਗਿਆ




**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਰਿਮੋਟ ਸੈਸਿੰਗ ਸੈਂਟਰ ਵਿਖੇ ਇੰਡੀਅਨ ਸੋਸਾਇਟੀ ਆਫ ਰਿਮੋਟ ਸੈਸਿੰਗ - ਲੁਧਿਆਣਾ ਚੈਪਟਰ ਵੱਲੋਂ ਨੈਸ਼ਨਲ ਰਿਮੋਟ ਸੈਸਿੰਗ ਅਤੇ ਨੈਸ਼ਨਲ ਸਪੇਸ ਦਿਵਸ 14.8.2025 ਨੂੰ ਮਨਾਇਆ ਗਿਆ। ਜਿਸ ਵਿੱਚ ਕਈ ਸਕੂਲਾਂ ਦੇ ਬੱਚਿਆਂ, ਪੀ.ਏ.ਯੂ. ਫੈਕਲਟੀ, ਵਿਦਿਆਰਥੀਆਂ ਨੇ ਅਤੇ ਪੀ.ਆਰ.ਐਸ.ਸੀ. ਦੇ ਵਿਗਿਆਨੀਆਂ ਅਤੇ ਸਟਾਫ ਨੇ ਭਾਗ ਲਿਆ। ਡਾ: ਬਰਜਿੰਦਰਾ ਪਟੈਰੀਆ, ਡਾਇਰੈਕਟਰ, ਪੀ.ਆਰ.ਐਸ.ਸੀ. ਨੇ ਆਪਣੇ ਭਾਸ਼ਨ ਵਿੱਚ ਰਿਮੋਟ ਸੈਸਿੰਗ ਟੈਕਨੋਲੋਜੀ ਤੇ ਆਏ ਬੱਚਿਆਂ ਅਤੇ ਮਹਿਮਾਨਾਂ ਨੂੰ ਸੰਬੋਧਿਤ ਕੀਤਾ। ਬੱਚਿਆ ਨੇ ਸਪੇਸ ਤਕਨਾਲੋਜੀ ਤੇ ਲੇਖ, ਡਰਾਇੰਗ ਮੁਕਾਬਲਿਆਂ ਵਿੱਚ ਭਾਗ ਲਿਆ ਗਏ ਅਤੇ ਬੱਚਿਆਂ ਨੂੰ ਇਨਾਮ ਵੀ ਵੰਡੇ ਗਏ। ਡਾ: ਅਜੇ ਮਾਥੁਰ, ਸੈਕਟਰੀ, ਆਈ.ਐਸ.ਆਰ.ਐਸ., ਲੁਧਿਆਣਾ ਚੈਪਟਰ ਨੇ ਰਿਮੋਟ ਸੈਸਿੰਗ ਬਾਰੇ ਇੱਕ ਭਾਸ਼ਣ ਪੇਸ਼ ਕੀਤਾ। ਡਾ: ਸ਼ਸ਼ੀਕਾਂਤ ਸਾਹੂ, ਵਾਈਸ ਪਰੈਜ਼ੀਡੈਂਟ ਨੇ ਮੁੱਖ ਮਹਿਮਾਨ ਡਾ: ਅਨੂਪ ਦਾਸ, ਨਿਸਾਰ ਟੀਮ ਲੀਡ, ਸਪੇਸ ਐਪਲੀਕੇਸ਼ਨ ਸੈਂਟਰ, ਇਸਰੋ, ਡਿਪਾਰਮੈਂਟ ਆਫ ਸਪੇਸ, ਅਹਿਮਦਾਬਾਦ ਦਾ ਸਵਾਗਤ ਕੀਤਾ, ਜਿਨ੍ਹਾਂ ਨੇ ਨਿਸਾਰ ਸੈਟੇਲਾਈਟ ਡੈਟਾ ਅਤੇ ਇਸਦੇ ਉਪਯੋਗ ਤੇ ਭਾਸ਼ਣ ਦਿੱਤਾ। ਡਾ: ਹਰਪਿੰਦਰ ਸਿੰਘ ਨੇ ਰਿਮੋਟ ਸੈਸਿੰਗ ਅਤੇ ਜੀ.ਆਈ.ਐਸ, ਦੀ ਵਿਧੀ ਦੁਆਰਾ ਫਸਲਾਂ ਦੀ ਰਹਿੰਦ ਖੂੰਹਦ (ਪਰਾਲੀ) ਸਾੜਨ ਦੀ ਨਿਗਰਾਨੀ ਤੇ ਆਪਣੇ ਅਨੁਭਵ ਸਾਂਝੇ ਕੀਤੇ। ਡਾ: ਆਰਤੀ ਵੱਲੋਂ ਪੂਰੇ ਪ੍ਰੋਗਰਾਮ ਦਾ ਸੰਚਾਲਨ ਕੀਤਾ ਗਿਆ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪੱਤਰਕਾਰ ਲੋਕਤੰਤਰ ਦੇ ਮਜ਼ਬੂਤ ਪਹਿਰੇਦਾਰ : ਵੀਰਿੰਦਰ ਬੜਖਾਲਸਾ

## ਜ਼ਮੀਨੀ ਪੱਤਰਕਾਰਾਂ ਨੂੰ ਵੀ ਮਿਲਣ ਸਰਕਾਰੀ ਸਹੂਲਤਾਂ : ਸੰਜੇ ਰਾਠੀ

**ਪੰਚਕੂਲਾ, (ਗੁਰਭਿੰਦਰ ਗੁਰੀ)** ਮੀਡੀਆ ਕੌਂਸਲ ਆਫ ਜਰਨਲਿਸਟਸ ਦੀ ਰਾਸ਼ਟਰੀ ਕਾਰਜਕਾਰਣੀ ਦੀ ਮੀਟਿੰਗ ਪੀਡਬਲਯੂਡੀ ਗੈਸਟ ਹਾਊਸ, ਪੰਚਕੂਲਾ ਵਿੱਚ ਕੌਮੀ ਪ੍ਰਧਾਨ ਸੰਜੇ ਰਾਠੀ ਦੀ ਪ੍ਰਧਾਨਗੀ ਹੇਠ ਹੋਈ, ਰਾਜ ਜਿਸ ਵਿੱਚ ਅੱਠ ਰਾਜਾਂ ਦੇ ਪੱਤਰਕਾਰਾਂ ਨੇ ਹਿੱਸਾ ਲਿਆ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਓਐਸਡੀ ਵੀਰਿੰਦਰ ਕੁਮਾਰ ਬੜਖਾਲਸਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਓਐਸਡੀ ਵਰਿੰਦਰ ਕੁਮਾਰ ਬੜਖਾਲਸਾ ਨੇ ਕਿਹਾ ਕਿ ਪੱਤਰਕਾਰ ਸਮਾਜ ਦੇ ਮਜ਼ਬੂਤ ਪਹਿਰੇਦਾਰ ਹੁੰਦੇ ਹਨ ਅਤੇ ਉਨ੍ਹਾਂ ਦੀ ਭੂਮਿਕਾ ਲੋਕਤੰਤਰ ਦੀ ਮਜ਼ਬੂਤੀ ਵਿੱਚ ਬਹੁਤ ਅਹਿਮ ਹੈ। ਉਨ੍ਹਾਂ ਕਿਹਾ ਕਿ ਸੱਚੇ ਪੱਤਰਕਾਰਾਂ ਦੀ ਕਲਮ ਬੋਲਦੀ ਹੈ। ਪੱਤਰਕਾਰ ਸਮਾਜ ਦਾ ਸ਼ੀਸ਼ਾ ਹੁੰਦੇ ਹਨ। ਉਹਨਾਂ ਨੂੰ ਸੱਚਾਈ ਉਜਾਗਰ ਕਰਨੀ ਚਾਹੀਦੀ ਹੈ ਤਾਂ ਜੋ ਉਹਨਾਂ ਦੀ ਭਰੋਸੇਯੋਗਤਾ ਬਣੀ ਰਹੇ। ਇਸ ਮੌਕੇ ਕੌਮੀ ਪ੍ਰਧਾਨ ਸੰਜੇ ਰਾਠੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਮੀਡੀਆ ਕੌਂਸਲ ਆਫ ਜਰਨਲਿਸਟਸ ਦਾ ਉਦੇਸ਼ ਪੱਤਰਕਾਰਾਂ ਨੂੰ ਇਕੱਠਾ ਕਰਨਾ ਅਤੇ ਉਨ੍ਹਾਂ ਦੀ ਸੁਰੱਖਿਆ, ਸਨਮਾਨ ਅਤੇ ਅਧਿਕਾਰਾਂ ਦੀ ਰੱਖਿਆ ਕਰਨਾ ਹੈ। ਉਨ੍ਹਾਂ ਕਿਹਾ ਕਿ ਕੌਂਸਲ ਸਿਰਫ਼ ਪੱਤਰਕਾਰਾਂ ਦੇ ਹੱਕਾਂ ਲਈ ਨਹੀਂ ਲੜੇਗੀ, ਸਗੋਂ ਜਨਹਿਤ ਨਾਲ ਜੁੜੇ ਮਸਲਿਆਂ 'ਤੇ ਵੀ ਸਰਗਰਮ ਰਹੇਗੀ। ਉਨ੍ਹਾਂ ਕਾਰਜਕਾਰਣੀ ਦੇ ਸਾਰੇ ਮੈਂਬਰਾਂ ਨੂੰ ਇਕੱਠੇ ਹੋ ਕੇ ਕੌਂਸਲ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਦੀ ਅਪੀਲ ਕੀਤੀ। ਰਾਸ਼ਟਰੀ ਕੁਆਰਡੀਨੇਟਰ ਲਲਿਤ ਸ਼ਰਮਾ ਨੇ ਕਿਹਾ ਕਿ ਮੀਡੀਆ ਨੂੰ ਲੋਕਾਂ ਦੇ ਮਸਲਿਆਂ 'ਤੇ ਇਕੱਠੇ ਹੋ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਆਪਣੇ ਤਜ਼ਰਬੇ ਵੀ ਸਾਂਝੇ ਕੀਤੇ। ਕੌਮੀ ਬੁਲਾਰੇ ਅਤੇ ਮੀਡੀਆ ਇੰਚਾਰਜ ਮਨੋਜ ਗੋਇਲ ਨੇ ਕਿਹਾ ਕਿ ਅੱਜ ਦੇ ਯੁੱਗ ਵਿੱਚ ਮੀਡੀਆ ਜੱਥੇਬੰਦੀਆਂ ਦੀ ਮਹੱਤਤਾ ਹੋਰ ਵੱਧ ਗਈ ਹੈ। ਸਾਨੂੰ ਮਿਲਜੁਲ ਕੇ ਮੀਡੀਆ ਜੱਥੇਬੰਦੀਆ ਦੀ ਭੂਮਿਕਾ ਮਜ਼ਬੂਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਪੱਧਰ 'ਤੇ ਪੱਤਰਕਾਰਾਂ ਦਾ ਮਜ਼ਬੂਤ ਨੈੱਟਵਰਕ ਤਿਆਰ ਕੀਤਾ ਜਾ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਪੱਤਰਕਾਰਾਂ ਦੀ ਟ੍ਰੇਨਿੰਗ ਅਤੇ ਭਲਾਈ ਲਈ ਖਾਸ ਯੋਜਨਾਵਾਂ ਸ਼ੁਰੂ ਕੀਤੀਆਂ ਜਾਣਗੀਆਂ। ਇਸ ਤੋਂ ਪਹਿਲਾਂ ਮੁੱਖ ਮਹਿਮਾਨ ਵਰਿੰਦਰ ਬੜਖਾਲਸਾ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਜੀ ਆਇਆਂ ਕਿਹਾ ਗਿਆ। ਇਸ ਮੌਕੇ ਕੌਮੀ ਬੁਲਾਰੇ ਮਨੋਜ ਗੋਇਲ ਗੁਡਿਆਣੀਆ ਨੇ ਆਏ ਸਭ ਮਹਿਮਾਨਾਂ ਦਾ ਧੰਨਵਾਦ ਕੀਤਾ। ਕਾਰਜਕਾਰਣੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਇਹ ਨਿਯੁਕਤੀਆਂ ਕੀਤੀਆਂ ਗਈਆਂ:

ਨੀਰਜ ਗੁਪਤਾ — ਕੌਮੀ ਜਨਰਲ ਸਕੱਤਰ, ਅਜੇਸ਼ ਕੁਮਾਰ — ਦਿੱਲੀ ਦਾ ਕੁਆਰਡੀਨੇਟਰ, ਆਰ. ਜੀ. ਰਾਏਕੋਟੀ ਨੂੰ ਪੰਜਾਬ ਦਾ ਕੁਆਰਡੀਨੇਟਰ, ਮਫ਼ਤਲਾਲ ਅਗਰਵਾਲ — ਉੱਤਰ ਪ੍ਰਦੇਸ਼ ਕੁਆਰਡੀਨੇਟਰ, ਕਾਸਿਮ ਖਾਨ — ਹਰਿਆਣਾ ਸੂਬਾ ਪ੍ਰਧਾਨ, ਰਸ਼ਮੀ ਬਾਲਿਆਣ — ਕੌਮੀ ਮਹਿਲਾ ਕੁਆਰਡੀਨੇਟਰ, ਰਾਜੇਸ਼ ਰਾਠੌਰ — ਹਿਮਾਚਲ ਪ੍ਰਦੇਸ਼ ਸਹਾਇਕ-ਕੁਆਰਡੀਨੇਟਰ ਪ੍ਰੀਤੀ ਕੁਮਾਰੀ ਯਮੁਨਾਨਗਰ — ਮਹਿਲਾ ਸਹਾਇਕ-ਕੁਆਰਡੀਨੇਟਰ ਹਰਿਆਣਾ, ਕੌਮੀ ਜਨਰਲ ਸਕੱਤਰ ਨੀਰਜ ਗੁਪਤਾ ਨੇ ਮੀਟਿੰਗ ਦੀ ਸਫਲਤਾ ਲਈ ਹਰਿਆਣਾ ਟੀਮ ਨੂੰ ਵਧਾਈ ਦਿੱਤੀ।

ਰਾਸ਼ਟਰੀ ਕਾਰਜਕਾਰਣੀ ਮੀਟਿੰਗ ਵਿੱਚ ਸੀਨੀਅਰ ਪੱਤਰਕਾਰ ਧਰਮਪਾਲ ਧਨਖੜ, ਯੂਏਈ ਤੋਂ ਨੇਪਾਲ ਸਿੰਘ ਸ਼ਹਰਾਵਤ, ਪੰਜਾਬ ਤੋਂ ਰਘਬੀਰ ਸਿੰਘ ਜੱਗਾ, ਗੁਰਭਿੰਦਰ ਸਿੰਘ ਗੁਰੀ, ਹਿਮਾਚਲ ਤੋਂ ਸ਼ਾਂਤੀ ਗੌਤਮ, ਦਿੱਲੀ ਤੋਂ ਵੀਰਿੰਦਰ ਸੈਣੀ, ਉੱਤਰ ਪ੍ਰਦੇਸ਼ ਤੋਂ ਸੁਰੇਸ਼ ਉਪਮਨਯੁ, ਪੰਚਕੂਲਾ ਤੋਂ ਅਨਿਲ ਆਰਯ, ਚੰਡੀਗੜ੍ਹ ਤੋਂ ਵਿਜੇਸ਼ ਕੁਮਾਰ, ਰਾਜਸਥਾਨ ਤੋਂ ਘਨਸ਼ਿਆਮ ਐਸ ਬਾਘੀ, ਯੋਗੇਸ਼ ਜੋਸ਼ੀ, ਸ਼ਿਵਕੁਮਾਰ ਸ਼ਰਮਾ, ਯਮੁਨਾਨਗਰ ਤੋਂ ਰਾਕੇਸ਼ ਭਾਰਤੀ, ਨਵਾਬ ਖਾਨ, ਰਾਮਕਿਸ਼ਨ, ਸੁਨੀਲ ਸ਼ਰਮਾ, ਰਾਜੇਸ਼, ਰਵਿੰਦਰ ਚੌਹਾਨ, ਕਰਣਾਲ ਤੋਂ ਰਾਜੇਸ਼ ਭਾਰਤੀ, ਰਾਜੀਵ ਠਾਕੁਰ, ਗੁਰਗਾਂਵ ਤੋਂ ਸੋਮਵੀਰ ਸਿੰਘ ਸਮੇਤ ਹੋਰ ਕਈ ਰਾਜਾਂ ਦੇ ਪੱਤਰਕਾਰਾਂ ਨੇ ਭਾਗ ਲਿਆ।



## ਏਕਤਾ ਦਾ ਸੰਦੇਸ਼ ਦਿੰਦੀ ਹੈ ਭਾਜਪਾ ਵੱਲੋਂ ਸ਼ੁਰੂ ਕੀਤੀ ਤਿਰੰਗਾ ਯਾਤਰਾ- ਪ੍ਰਿਤਪਾਲ ਸਿੰਘ ਬਲੀਏਵਾਲ



**ਮਾਛੀਵਾੜਾ ਸਾਹਿਬ (ਬਲਬੀਰ ਸਿੰਘ ਬੱਬੀ)** 15 ਅਗਸਤ ਨੂੰ ਸਾਡਾ ਭਾਰਤ ਅਜ਼ਾਦ ਹੋਇਆ ਸੀ ਪੰਜਾਬ ਸਮੇਤ ਹੋਰ ਦੇਸ਼ ਵਾਸੀਆਂ ਨੇ ਭਾਰਤ ਦੀ ਆਜ਼ਾਦੀ ਲਈ ਜਾਨਾ ਵਾਰੀਆਂ ਉਹਨਾਂ ਦੇਸ਼ ਭਗਤਾਂ ਦੀ ਬਦੌਲਤ ਹੀ ਅਸੀਂ ਇੱਕ ਚੰਗਾ ਜੀਵਨ ਬਤੀਤ ਕਰ ਰਹੇ ਹਾਂ ਦੇਸ਼ ਲਈ ਜਾਨਾਂ ਵਾਰਨ ਵਾਲੇ ਸ਼ਹੀਦਾਂ ਦੇ ਸਤਿਕਾਰ ਦੇ ਵਿੱਚ ਤੇ ਦੇਸ਼ ਨੂੰ ਏਕਤਾ ਦਾ ਸੰਦੇਸ਼ ਦੇਣ ਦੇ ਲਈ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਤਿਰੰਗਾ ਯਾਤਰਾ ਸ਼ੁਰੂ ਕੀਤੀ ਸੀ ਤੇ ਅਸੀਂ ਦੇਸ਼ ਦੀ ਏਕਤਾ ਦੇ ਲਈ ਆਜ਼ਾਦੀ ਦਿਵਸ ਨੂੰ ਪ੍ਰਮੁੱਖ ਰੱਖਦਿਆਂ ਹੋਇਆਂ ਤਿਰੰਗਾ ਯਾਤਰਾ ਕੀਤੀ ਹੈ। ਇਹ ਸ਼ਬਦ ਜਿਲਾ ਲੁਧਿਆਣਾ ਨਾਲ ਸੰਬੰਧਿਤ, ਜੱਥੇਦਾਰ ਗੁਰਬਚਨ ਸਿੰਘ ਟੌਹੜਾ ਜਿਹੇ ਧਾਰਮਿਕ ਆਗੂਆਂ ਕੋਲੋਂ ਸਿਆਸੀ ਗੁੜ੍ਹਤੀ ਲੈਣ ਵਾਲੇ ਪ੍ਰਿਤਪਾਲ ਸਿੰਘ (ਬਲੀਏਵਾਲ) ਜੋ ਜਸਵਿੰਦਰ ਸਿੰਘ ਲੁਧਿਆਣਾ ਦੇ ਫਰਜ਼ੰਦ ਹਨ ਤੇ ਅੱਜਕਲ੍ਹ ਲੁਧਿਆਣਾ ਇਲਾਕੇ ਦੇ ਵਿੱਚ ਭਾਰਤੀ ਜਨਤਾ ਪਾਰਟੀ ਨਾਲ ਜੁੜ ਕੇ ਪੰਜਾਬ ਦੀ ਸਿਆਸੀ ਸੇਵਾ ਕਰਨ ਵਿੱਚ ਜੁਟੇ ਹਨ।

## ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਵਿੱਚ 79ਵਾਂ ਆਜ਼ਾਦੀ ਦਿਵਸ ਸਮਾਰੋਹ

**ਕਪੂਰਥਲਾ, (ਕੌੜਾ)–** ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਫੱਤੂਢੀਂਗਾ ਵਿੱਚ 79ਵਾਂ ਆਜ਼ਾਦੀ ਦਿਵਸ ਬੜੇ ਜੋਸ਼, ਉਤਸ਼ਾਹ ਅਤੇ ਦੇਸ਼ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ। ਇਹ ਸਮਾਰੋਹ ਪ੍ਰਿੰਸੀਪਲ ਡਾ. ਦਲਜੀਤ ਸਿੰਘ ਖਹਿਰਾ ਜੀ ਦੀ ਅਗਵਾਈ ਹੇਠ ਅਤੇ ਕੋਆਰਡੀਨੇਟਰ ਸ਼੍ਰੀਮਤੀ ਮਨਪ੍ਰੀਤ ਕੌਰ (ਹਿਸਟਰੀ ਵਿਭਾਗ) ਦੀ ਰਹਿਨੁਮਾਈ ਵਿੱਚ ਐਨ.ਐੱਸ.ਐੱਸ. ਯੂਨਿਟ ਦੇ ਖਾਸ ਯੋਗਦਾਨ ਨਾਲ ਆਯੋਜਿਤ ਕੀਤਾ ਗਿਆ। ਕਾਰਜਕ੍ਰਮ ਦੀ ਸ਼ੁਰੂਆਤ ਰਾਸ਼ਟਰੀ ਝੰਡੇ ਦੇ ਲਹਿਰਾਉਣ ਅਤੇ ਰਾਸ਼ਟਰੀ ਗੀਤ ਨਾਲ ਹੋਈ। ਇਸ ਮੌਕੇ ਵਿਦਿਆਰਥੀਆਂ ਨੇ ਦੇਸ਼ਭਗਤੀ ਨਾਲ ਭਰਪੂਰ ਕਵਿਤਾਵਾਂ, ਭਾਸ਼ਣਾਂ ਅਤੇ ਗੀਤਾਂ ਰਾਹੀਂ ਸ਼ਹੀਦਾਂ ਨੂੰ ਯਾਦ ਕੀਤਾ ਅਤੇ ਆਪਣੇ ਅੰਦਰ ਨਵੇਂ ਜੋਸ਼ ਦਾ ਸੰਚਾਰ ਕੀਤਾ। ਪ੍ਰਿੰਸੀਪਲ ਸਾਹਿਬ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਸ਼ਹੀਦਾਂ ਦੇ ਜੀਵਨ ਤੋਂ ਪ੍ਰੇਰਣਾ ਲੈਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਦੇਸ਼ ਦਾ ਭਵਿੱਖ ਹੈ ਅਤੇ ਉਹਨਾਂ ਨੂੰ ਸਿਰਫ਼ ਪੜ੍ਹਾਈ ਵਿੱਚ ਹੀ ਨਹੀਂ, ਸਗੋਂ ਸਮਾਜਿਕ




ਸੇਵਾ, ਰਾਸ਼ਟਰ-ਨਿਰਮਾਣ ਅਤੇ ਨੈਤਿਕ ਮੁੱਲਾਂ ਦੀ ਪਾਲਣਾ ਵਿੱਚ ਵੀ ਅੱਗੇ ਆਉਣਾ ਚਾਹੀਦਾ ਹੈ। ਇਸ ਸਮਾਰੋਹ ਦੌਰਾਨ ਸਾਰੇ ਹਾਜ਼ਰੀਨਾਂ ਵੱਲੋਂ ਦੇਸ਼ ਪ੍ਰਤੀ ਵਫ਼ਾਦਾਰੀ ਦੀ ਸੌਂਹ ਚੁੱਕੀ ਗਈ। ਇਸਦੇ ਨਾਲ ਹੀ, "ਨਸ਼ਾ ਮੁਕਤ ਭਾਰਤ ਅਭਿਆਨ" ਦੇ ਤਹਿਤ ਇੱਕ ਜਨ-ਸੰਕਲਪ ਵੀ ਕੀਤਾ ਗਿਆ, ਜਿਸ ਵਿੱਚ ਨੌਜਵਾਨਾਂ ਨੇ ਨਸ਼ਿਆਂ ਤੋਂ ਦੂਰ ਰਹਿਣ ਅਤੇ ਹੋਰਨਾਂ ਨੂੰ ਵੀ ਇਸ ਬੁਰਾਈ ਤੋਂ ਬਚਾਉਣ ਦਾ ਵਚਨ ਦਿੱਤਾ।ਆਖਿਰ ਵਿੱਚ, ਦੇਸ਼ਭਗਤੀ ਦੇ ਨਾਹਰਿਆਂ ਨਾਲ ਸਮਾਰੋਹ ਸਮਾਪਤ ਹੋਇਆ। ਇਸ ਮੌਕੇ ਕਾਲਜ ਦਾ ਪੂਰਾ ਸਟਾਫ ਹਾਜ਼ਰ ਸੀ ।

# ਲੋਹਗੜ੍ਹ ਨੇ ਦਿੱਤਾ ਬੀਕੇਯੂ ਪੰਜਾਬ ਦੀ ਕੋਰ ਕਮੇਟੀ ਦੇ ਅਹੁਦੇ ਤੋਂ ਅਸਤੀਫਾ

**●ਪ੍ਰੈਸ ਕਾਨਫਰੰਸ ਦੌਰਾਨ ਰਿਸ਼ਵਤ ਦੇ ਲਗਾਏ ਇਲਜ਼ਾਮ ●ਗੁਰੂ ਘਰ ਬੈਠ ਕੇ ਹਿਸਾਬ ਕਰਨ- ਸਤਨਾਮ ਸਿੰਘ ਲੋਹਗੜ੍ਹ**

**ਮਹਿਤਪੁਰ ( ਹਰਜਿੰਦਰ ਸਿੰਘ ਚੰਦੀ)** -ਅੱਜ ਇੱਥੇ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਅਗਜੈਕਟਿਵ ਮੈਂਬਰ ਸਤਨਾਮ ਸਿੰਘ ਲੋਹਗੜ੍ਹ ਨੇ ਬਲਾਕ ਮਹਿਤਪੁਰ ਦੇ ਸੈਕੜੇ ਕਿਸਾਨਾਂ, ਮਜਦੂਰਾਂ ਦੀ ਹਾਜ਼ਰੀ ਵਿੱਚ ਆਪਣੇ ਗ੍ਰਹਿ ਵਿਖੇ ਕੀਤੀ ਪ੍ਰੈਸ ਕਾਨਫਰੰਸ ਵਿੱਚ ਇਲਜਾਮ ਲਗਾਉਂਦਿਆਂ ਕਿਹਾ ਕਿਸਾਨਾਂ, ਮਜਦੂਰਾਂ ਦੇ ਮਸਲੇ ਹੱਲ ਕਰਾਉਣ ਲਈ ਜੱਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ, ਕੋਰ ਕਮੇਟੀ ਮੈਂਬਰ ਨਰਿੰਦਰ ਸਿੰਘ ਬਾਜਵਾ, ਤਹਿਸੀਲ ਨਕੋਦਰ ਦੇ ਪ੍ਰਧਾਨ ਗੁਰਦੀਪ ਸਿੰਘ ਤੇ ਜ਼ਿਲ੍ਹਾ ਆਗੂ ਸੋਢੀ ਸਿੰਘ ਵੱਲੋਂ ਲੱਖਾਂ ਵਿੱਚ ਲਈਆਂ ਰਿਸ਼ਵਤਾਂ ਦੀ ਸ਼ਕਾਇਤ ਜੱਥੇਬੰਦੀ ਦੇ ਸੂਬਾ ਪ੍ਰਧਾਨ ਤੇ ਸੂਬਾ ਕਮੇਟੀ ਨੂੰ ਸਮੇਤ ਸਬੂਤਾਂ ਜਿਵੇਂ ਬੈਂਕ ਅਕਾਊਂਟਾ ਦੀਆਂ ਸਟੇਟਮੈਂਟਾ ਦੇਣ ਦੇ ਬਾਵਜੂਦ ਵੀ ਕੋਈ ਕਾਰਵਾਈ ਨਾ ਕਰਨ , ਉਲਟਾ ਕਿਸਾਨਾਂ ਮਜਦੂਰਾਂ ਦੀ ਲੁੱਟ ਕਰਨ ਤੇ ਪੁਲਿਸ ਦਾ ਟਾਊਟ ਪੁਣਾਂ ਕਰਨ ਵਾਲਿਆਂ ਦੀ ਪਿੱਠ



ਠਾਪੜਨ ਦਾ ਇਲਜਾਮ ਲਗਾਉਂਦਿਆਂ ਸਤਨਾਮ ਸਿੰਘ ਲੋਹਗੜ੍ਹ ਨੇ ਕਿਹਾ ਕਿ ਮੈ ਬੀਕੇਯੂ ਪੰਜਾਬ ਦੀ ਕੋਰ ਕਮੇਟੀ ਦੇ ਅਹੁਦੇ ਤੋਂ ਅਸਤੀਫਾ ਦਿੱਦਾ ਹਾਂ ਅਤੇ ਸੰਯੁਕਤ ਕਿਸਾਨ ਮੋਰਚੇ ਕੋਲੋਂ ਮੰਗ ਕਰਦਾ ਹਾਂ ਕਿ ਏਦਾਂ ਦੀ ਜੱਥੇਬੰਦੀ ਦੀ ਪੜਤਾਲ ਜ਼ਰੂਰ ਕਰਨ ਸਤਨਾਮ ਸਿੰਘ ਲੋਹਗੜ੍ਹ ਅਤੇ ਕਾਨਫਰੰਸ ਦੌਰਾਨ ਹਾਜ਼ਰ ਕਿਸਾਨ ਆਗੂਆਂ ਵੱਲੋਂ ਪ੍ਰਧਾਨ ਤੇ ਹੋਰ ਵੀ ਕਮੇਟੀ ਮੈਂਬਰਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਜੇਕਰ ਤੁਸੀਂ ਸੱਚੇ ਹੋ ਤੇ ਮਿਤੀ 17 ਅਗਸਤ ਨੂੰ ਸਮਾਂ ਸਵੇਰੇ 10 ਗੁਰੂਦੁਆਰਾ ਸਾਹਿਬ ਗੋਬਿੰਦਪੁਰ ਵਿਖੇ ਪਹੁੰਚ ਕੇ ਕਿਸਾਨਾਂ ਮਜਦੂਰਾਂ ਦੀ ਹਾਜ਼ਰੀ ਵਿੱਚ ਬੈਠ ਹਿਸਾਬ ਕਿਤਾਬ ਕਰਨ ਅਸੀਂ ਉਹਨਾਂ ਦੀ ਉਡੀਕ ਕਰਾਂਗੇ। ਇਸ ਮੌਕੇ ਸਤਨਾਮ ਸਿੰਘ ਲੋਹਗੜ੍ਹ, ਕਮਲਜੀਤ ਸਿੰਘ ਮੰਡ,ਕਮਲ ਸਿੰਘ, ਰਮਨਜੀਤ ਸਿੰਘ ਸਮਰਾ, ਦਿਲਰਾਜ ਸਿੰਘ, ਸੁਖਜਿੰਦਰ ਸਿੰਘ, ਸੰਦੀਪ ਸਿੰਘ, ਨਰਿੰਦਰ ਸਿੰਘ, ਹਰਵਿੰਦਰ ਸਿੰਘ, ਲਵਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਜਸਪ੍ਰੀਤ ਸਿੰਘ, ਜਸਵਿੰਦਰ ਸਿੰਘ, ਸਰਬਜੀਤ ਸਿੰਘ, ਜਸ਼ਨਪ੍ਰੀਤ ਸਿੰਘ, ਹਰਜੀਤ ਸਿੰਘ ਲੋਹਗੜ੍ਹ, ਸੁਖਦੇਵ ਸਿੰਘ, ਗਗਨਦੀਪ ਸਿੰਘ, ਜਗਰੂਪ ਸਿੰਘ, ਮਲਕੀਤ ਸਿੰਘ, ਤਰਲੋਕ ਸਿੰਘ, ਜੋਗਾ ਸਿੰਘ ਆਦਿ ਹਾਜ਼ਰ ਸਨ। ਦੂਜੇ ਪਾਸੇ ਪੱਖ ਰੱਖਦਿਆਂ ਬੀਕੇਯੂ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ ਨੇ ਸਤਨਾਮ ਸਿੰਘ ਲੋਹਗੜ੍ਹ ਵੱਲੋਂ ਕਿਸਾਨ ਆਗੂਆਂ ਤੇ ਲਗਾਏ ਰਿਸ਼ਵਤ ਲੈਣ ਦੇ ਇਲਜ਼ਾਮਾਂ ਨੂੰ ਝੂਠ ਦਾ ਪੁਲੰਦਾ ਦੱਸਿਆ।

# ਦਲਿਤਾਂ ਤੇ ਪਛੜਿਆਂ ਦੇ ਹੱਕਾਂ ਹਿਤ ਸੁਨਾਮ ਵਿਖੇ ਰੋਸ ਧਰਨਾ 16 ਅਗਸਤ ਨੂੰ

ਅਨੁਸੂਚਿਤ ਤੇ ਪਛੜੀਆਂ ਸ਼੍ਰੇਣੀਆਂ ਦੇ ਮੁਲਾਜ਼ਮ ਅਤੇ ਸਮਾਜਿਕ ਜਥੇਬੰਦੀਆਂ ਦੀ ਜੁਆਇੰਟ ਐਕਸ਼ਨ ਕਮੇਟੀ ਵੱਲੋਂ ਮਿਤੀ 16 ਅਗਸਤ ਨੂੰ ਸਵੇਰੇ 10 ਵਜੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਕੋਠੀ ਅੱਗੇ ਸੁਨਾਮ ਵਿਖੇ ਵਿਸ਼ਾਲ ਰੋਸ ਧਰਨਾ ਉਲੀਕਿਆ ਗਿਆ। ਜਿਸ ਵਿੱਚ ਜਬਰ ਜੁਲਮ ਵਿਰੋਧੀ ਫਰੰਟ ਦੇ ਪ੍ਰਧਾਨ ਰਾਜ ਸਿੰਘ ਟੋਡਰਵਾਲ, ਅੰਬੇਡਕਰ ਮਜ਼ਦੂਰ ਚੇਤਨਾ ਮੰਚ ਪੰਜਾਬ ਦੇ ਪ੍ਰਧਾਨ ਕਰਨੈਲ ਸਿੰਘ ਨੀਲੋਵਾਲ, ਡਾਕਟਰ ਅੰਬੇਡਕਰ ਸਭਾ ਪੰਜਾਬ ਦੇ ਪ੍ਰਧਾਨ ਹਰਜਸ ਸਿੰਘ ਖੜਿਆਲ ਅਤੇ ਜੁਆਇੰਟ ਐਕਸ਼ਨ ਕਮੇਟੀ ਦੇ ਕਨਵੀਨਰ ਜਸਵੀਰ ਸਿੰਘ ਪਾਲ ,ਕੋ ਕਨਵੀਨਰ ਹਰਵਿੰਦਰ ਸਿੰਘ ਮੰਡੇਰ ਤੋਂ ਇਲਾਵਾ ਬਲਵਿੰਦਰ ਸਿੰਘ ਜਿਲੇਦਾਰ ,ਜੱਗਾ ਸਿੰਘ, ਹਰਵਿੰਦਰ ਸਿੰਘ ਭੱਠਲ ,ਬਲਦੇਵ ਸਿੰਘ ਧੁੱਗਾ ਬਲਰਾਜ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੇ ਹਿੱਤਾਂ ਦੀ ਪੈਰਵਾਈ ਕਰਨ ਤੋਂ ਮੁਨਕਰ ਹੋ ਗਈ ਹੈ। ਸੱਤਾ ਵਿੱਚ ਆਉਣ ਤੋਂ ਪਹਿਲਾਂ ਕੀਤੇ ਗਏ ਵਾਅਦਿਆਂ ਤੇ ਇਹ ਸਰਕਾਰ ਖਰੀ ਨਹੀਂ ਉੱਤਰ ਰਹੀ। ਦਲਿਤਾਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਮੁਲਾਜ਼ਮਾਂ ਅਤੇ ਆਮ ਲੋਕਾਂ ਪ੍ਰਤੀ ਇਸ ਸਰਕਾਰ ਦਾ ਰਵੱਈਆ ਅਤਿ ਨਿੰਦਣ ਯੋਗ ਹੈ। ਸਰਕਾਰ ਦੇ ਇਨਾਂ ਜਮਾਤਾਂ ਪ੍ਰਤੀ ਬੇਰੁਖੀ ਵਾਲੇ ਰਵਈਏ ਦੇ ਵਿਰੋਧ ਵਜੋਂ 16 ਅਗਸਤ ਨੂੰ ਸਵੇਰੇ 10 ਵਜੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਕੋਠੀ ਅੱਗੇ ਸੁਨਾਮ ਵਿਖੇ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ । ਜਿਸ ਵਿੱਚ 10 ਅਕਤੂਬਰ 2014 ਦੇ ਗੈਰ ਸੰਵਿਧਾਨਿਕ ਪੱਤਰ ਦੇ ਅਧਾਰ ਤੇ ਸਾਰੇ ਵਿਭਾਗਾਂ ਦੇ 36 ਹਜਾਰ ਸੀਨੀਅਰ ਅਧਿਕਾਰੀਆਂ ਕਰਮਚਾਰੀਆਂ ਦੀ ਰਿਵਰਟ ਕੀਤੀਆਂ ਸੀਨੀਆਰਤਾ ਸੂਚੀਆਂ ਪਿਛਲੀ ਮਿਤੀ ਤੋਂ ਬਹਾਲ ਕਰਵਾਉਣ, ਛੱਡੇ ਗਏ ਪੀਈਐਸ ਅਧਿਕਾਰੀ, ਲੈਕਚਰਾਰਾਂ, ਹੈਡ ਮਾਸਟਰਾਂ ,ਸੀਐਚਟੀ ਅਤੇ ਹੋਰ ਕਰਮਚਾਰੀਆਂ ਨੂੰ ਪਿਛਲੀਆਂ ਮਿਤੀਆਂ ਤੋਂ ਪ੍ਰਮੋਟ ਕਰਨਾ, ਸਾਰੇ ਵਿਭਾਗਾਂ ਦੇ ਕਾਡਰ ਲਈ ਤਰੱਕੀ ਕੋਟਾ ਲਾਗੂ ਕਰਵਾਉਣਾ, ਸਲਾਨਾ ਬਜਟ ਵਿੱਚ ਆਬਾਦੀ ਅਨੁਸਾਰ ਹਰ ਪੱਧਰ ਤੇ ਭਰਤੀਆਂ ਤੇ ਤਰੱਕੀਆਂ ਵਿੱਚ ਐਸਸੀ ਵਰਗ ਲਈ 40% ਬੀਸੀ ਵਰਗ ਲਈ 27% ਰਾਖਵਾਂ ਕਾਰਨ ਕਰਵਾਉਣਾ, ਠੇਕਾ ਆਧਾਰਿਤ ਅਤੇ ਆਊਟਸੋਰਸ, ਈਜੀਐਸ, ਕੰਪਿਊਟਰ ਫੈਕਲਿਟੀ, ਨਰੇਗਾ ਡੇਲੀ ਬੇਸਿਸ, ਮਿਡ ਡੇ ਮੀਲ, ਆਸ਼ਾ ਵਰਕਰਜ ਲਈ 2.59 ਦੇ ਪੂਰੇ ਗੁਣਾਕ ਦੇ ਅਧਾਰ ਤੇ ਪੈਨਸ਼ਨ ਫਿਕਸ ਕਰਵਾਉਣਾ, ਅਤੇ ਦਸ ਹਜਾਰ ਰੁਪਏ ਪ੍ਰਤੀ ਮਹੀਨਾ ਮੈਡੀਕਲ ਭੱਤਾ ਕਰਵਾਉਣਾ, ਪੁਰਾਣੀ ਪੈਨਸ਼ਨ ਬਹਾਲੀ ਦਾ ਲਾਭ ਠੇਕੇ ਅਤੇ ਅਡਹਾਕ ਤੇ ਕੰਮ ਕਰਨ ਦੇ ਸਮੇਂ ਤੋਂ ਜਾਰੀ ਕਰਵਾਉਣਾ ,ਪੁਰਾਣੀ ਪੈਨਸ਼ਨ ਬਹਾਲੀ 1972 ਦੇ ਨਿਯਮਾਂ ਅਨੁਸਾਰ ਕਰਵਾਉਣੀ, ਬੋਰਡ ਤੇ ਕਾਰਪੋਰੇਸ਼ਨ ਦੇ ਕਰਮਚਾਰੀਆਂ ਤੇ ਵੀ ਲਾਗੂ ਕਰਵਾਉਣੀ ,ਵਾਹੀਯੋਗ ਸਰਕਾਰੀ ਪੰਚਾਇਤੀ ਜਮੀਨ ਦਾ 1/3 ਹਿੱਸਾ ਕਾਨੂੰਨ ਅਨੁਸਾਰ ਅਨੁਸੂਚਿਤ ਜਾਤੀਆਂ ਦੇ ਸਮਾਜ ਦੇ ਯੋਗ ਮੈਂਬਰਾਂ ਨੂੰ ਦਿਵਾਉਣਾ ਅਤੇ ਫਰਜੀ ਬੋਲੀਆਂ ਰੱਦ ਕਰਵਾਉਣੀਆਂ, ਦੋਸ਼ੀ ਅਫਸਰਾਂ ਖਿਲਾਫ ਸਖਤ ਕਾਰਵਾਈ ਕਰਵਾਉਣੀ, ਲੈਂਡ ਸੀਲਿੰਗ ਐਕਟ ਤਹਿਤ ਸਰਪਲਸ ਜਮੀਨਾਂ ਅਨੁਸੂਚਿਤ ਜਾਤੀਆਂ ਵਿੱਚ ਵੰਡੀਆਂ ਜਾਣੀਆਂ ਅਤੇ ਜਮੀਨੀ ਕਾਣੀ ਵੰਡ ਖਤਮ ਕਰਵਾਉਣੀ ,ਚੋਣਾਂ ਦੌਰਾਨ ਪੰਜ ਪੰਜ ਮਰਲਿਆਂ ਦੇ ਪਲਾਂਟ ਦੇਣ ਦਾ ਵਾਅਦਾ ਪੂਰਾ ਕਰਵਾਉਣਾ, ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਲੱਖਾਂ ਹੀ ਡਰੋਪ ਆਊਟ ਹੋਏ ਐਸਸੀ ਵਿਦਿਆਰਥੀਆਂ ਦਾ ਭਵਿੱਖ ਖਰਾਬ ਕਰਨ ਵਾਲੀਆਂ ਸੰਸਥਾਵਾਂ ਤੇ ਅਧਿਕਾਰੀਆਂ ਖਿਲਾਫ ਕਾਨੂੰਨੀ ਕਾਰਵਾਈ ਕਰਵਾਉਣੀ ਅਤੇ ਵਜੀਫੇ ਲਈ ਆਮਦਨ ਅੱਧ 8 ਲੱਖ ਮਿਥਣਾ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਜਾਂ ਬੇਰੁਜ਼ਗਾਰੀ ਭੱਤਾ 3500 ਰੁਪਏ ਮਾਰਚ 2022 ਤੋਂ ਲਾਗੂ ਕਰਵਾਉਣਾ, ਚੋਣ ਵਾਅਦੇ ਅਨੁਸਾਰ ਮਹਿਲਾਵਾਂ ਨੂੰ 2000 ਮਹੀਨਾ ਸਹਾਇਤਾ ਦਿਵਾਉਣੀ, ਬੈਕਲਾਗ ਪੂਰਾ ਕਰਨ ਲਈ ਵਿਸ਼ੇਸ਼ ਭਰਤੀ ਮੁਹਿੰਮ ਚਲਾਉਣਾ, ਬੈਕਲਾਗ ਅਧੀਨ ਭਰਤੀਆਂ ਤੋਂ ਤਰੱਕੀਆਂ ਦਾ ਲਾਭ ਪਿਛਲੀ ਮਿਤੀ ਤੋਂ ਲਾਗੂ ਕਰਵਾਉਣਾ, ਆਊਟਸੋਰਸ ਰਾਹੀਂ ਭਰਤੀ ਅਤੇ ਠੇਕਾ ਸਿਸਟਮ ਬੰਦ ਕਰਕੇ ਹਰ ਵਰਗ ਵਿੱਚ ਰੈਗੂਲਰ ਭਰਤੀ ਕਰਵਾਉਣੀ, ਸਮਾਜ ਅਤੇ ਸ਼ੋਸ਼ਣ ਵਿਰੁੱਧ ਸਖਤ ਕਾਨੂੰਨ ਬਣਾ ਕੇ ਸ਼ਕਤੀ ਨਾਲ ਲਾਗੂ ਕਰਵਾਉਣੇ, ਬੇਸਹਾਰਿਆਂ ਨੂੰ ਪੱਕੇ ਅਤੇ ਮੁਫਤ ਘਰ ਬਣਾ ਕੇ ਦੇਣੇ, ਜਨਤਕ ਘੋਲਾਂ ਦੌਰਾਨ ਆਗੂਆਂ ਵਿਰੁੱਧ ਜਾਤੀ ਦੁਸ਼ਮਣੀ ਅਤੇ ਨਿੱਜੀ ਕਿੜਾਂ ਕੱਢਣ ਕਾਰਨ ਦਰਜ ਗਲਤ ਪਰਚੇ ਰੱਦ ਕਰਕੇ ਦੋਸ਼ੀ ਪੁਲਿਸ ਅਧਿਕਾਰੀਆਂ ਖਿਲਾਫ ਕਾਰਵਾਈ ਕਰਵਾਉਣੀ, ਸੰਸਾਰ ਦੇ ਸਭ ਤੋਂ ਵੱਧ ਗਿਆਨਵਾਨ ਡਾਕਟਰ ਭੀਮ ਰਾਓ ਅੰਬੇਡਕਰ ਦੇ ਆਦਮ ਕੱਦ ਬੁੱਤ ਬਲਾਕ ਪੱਧਰ ਤੇ ਜਨਤਕ ਸਥਾਨ ਤੇ ਲਵਾਉਣੇ, 2002 ਤੋਂ ਸਮੂਹ ਵਿਭਾਗਾਂ ਵਿੱਚ ਕਰੀਬ 40 ਹਜਾਰ ਫਰੀਜ ਕੀਤੀਆਂ ਪੋਸਟਾਂ ਨੂੰ ਬਹਾਲ ਕਰਕੇ ਭਰਤੀ ਮੁਹਿੰਮ ਸ਼ੁਰੂ ਕਰਵਾਉਣੀ, ਮਨਰੇਗਾ ਮਜ਼ਦੂਰਾਂ ਨੂੰ ਘੱਟੋ ਘੱਟ 700ਰੁਪਏ ਦਿਹਾੜੀ ਤੇ 365 ਦਿਨ ਕੰਮ ਦੀ ਗਰੰਟੀ ਦੇਣੀ, ਮਜ਼ਦੂਰਾਂ ਦੇ ਸਰਕਾਰੀ ਸਹਿਕਾਰੀ ਤੇ 3 ਲੱਖ ਦੇ ਕਰਜ਼ੇ ਬਿਨਾਂ ਸ਼ਰਤ ਮਾਫ ਕਰਵਾਉਣੇ ,ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਡਾਕਟਰ ਅੰਬੇਡਕਰ ਰਿਸਰਚ ਸੈਂਟਰ ਖੋਲਣੇ, ਜਾਲੀ ਜਾਤੀ ਸਰਟੀਫਿਕੇਟ ਬਣਾ ਕੇ ਨੰਗਲਾਂ ਦੀ ਸਰਪੰਚੀ ਚੋਣ ਜਿੱਤਣ ਅਤੇ ਉਨਾਂ ਦਾ ਜਾਲਸਾਜੀ ਵਿੱਚ ਸਾਥ ਦੇਣ ਵਾਲਿਆਂ ਤੇ ਸਖਤ ਕਾਰਵਾਈ ਕਰਵਾਉਣੀ ਅਤੇ ਜਾਲੀ ਜਾਤੀ ਸਰਟੀਫਿਕੇਟ 15 ਦਿਨਾਂ ਦੀ ਕਾਰਵਾਈ ਦੌਰਾਨ ਰੱਦ ਕਰਵਾਉਣੇ ਤੇ ਜਾਣ ਬੁੱਝ ਕੇ ਦੇਰੀ ਕਰਨ ਅਤੇ ਲੁਕਾਉਣ ਵਾਲੇ ਅਫਸਰਾਂ ਤੇ ਸਖਤ ਕਾਰਵਾਈ ਕਰਵਾਉਣੀ, ਪੰਜਾਬ ਵਿੱਚ ਨਰੇਗਾ ਸਕੀਮ ਨੂੰ ਮੁੜ ਬਹਾਲ ਕਰਵਾਉਣ ਲਈ ਸਰਕਾਰ ਤੇ ਦਬਾਅ ਬਣਾਉਣ ਵਾਸਤੇ ਇਸ ਰੋਸ ਧਰਨੇ ਵਿੱਚ ਸਰਕਾਰ ਖਿਲਾਫ ਪੂਰਨ ਦਬਾਅ ਬਣਾਇਆ ਜਾਵੇਗਾ ਜਿਸ ਵਿੱਚ ਦਲਿਤਾਂ, ਪਛੜਿਆਂ ਅਤੇ ਮਜਲੂਮਾਂ ਦੇ ਹਿੱਤਾਂ ਦੀ ਖਾਤਰ ਪਹਿਰਾ ਦੇਣ ਵਾਲੇ ਸਮਾਜਿਕ ਧਾਰਮਿਕ ਲੋਕ ਵਿਸ਼ੇਸ਼ ਤੌਰ ਤੇ ਪੁੱਜਣਗੇ।

Harbhinder Singh

for more news visit:
www.samajweekly.com

# 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੈਸ਼ਨਲ ਮੈਰਾਥਨ' 27 ਸਤੰਬਰ ਨੂੰ - ਡਿਪਟੀ ਸਪੀਕਰ ਪੰਜਾਬ

## ਖਾਲਸਾ ਕਾਲਜ ਮਾਹਿਲਪੁਰ ਵਿਖੇ ਹਜ਼ਾਰਾਂ ਐਥਲੀਟ ਲੈਣਗੇ ਹਿੱਸਾ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ/ਬਲਵੀਰ ਚੌਪੜਾ)** ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਨੂੰ ਹੋਰ ਹੁਲਾਰਾ ਦਿੰਦੇ ਹੋਏ ਅੱਜ ਖਾਲਸਾ ਕਾਲਜ ਮਾਹਿਲਪੁਰ ਵਿਖੇ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਗੜ੍ਹਸ਼ੰਕਰ ਤੋਂ ਵਿਧਾਇਕ ਨੇ ਕੀਤੀ। ਇਸ ਮੌਕੇ ਵਿਸ਼ੇਸ਼ ਸਕੱਤਰ ਖੇਡਾਂ ਐਸ.ਪੀ. ਅਨੰਤ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਰਬੀਰ ਕੌਰ ਭੁੱਲਰ, ਐਸ.ਡੀ.ਐਮ ਸੰਜੀਵ ਗੋਰੇ, ਐਸ.ਪੀ. ਨਵਨੀਤ ਕੌਰ ਗਿੱਲ, ਸੰਯੁਕਤ ਡਾਇਰੈਕਟਰ ਖੇਡਾਂ ਅਜੀਤ ਪਾਲ ਸਿੰਘ, ਡਿਪਟੀ ਡਾਇਰੈਕਟਰ ਖੇਡਾਂ ਸੁਖਚੈਨ ਸਿੰਘ, ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪ੍ਰੀਤ ਕੋਹਲੀ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਡਿਪਟੀ ਸਪੀਕਰ ਨੇ ਐਲਾਨ ਕੀਤਾ ਕਿ 'ਸ਼ਹੀਦ-ਏ-ਆਜ਼ਮ ਭਗਤ ਸਿੰਘ ਨੈਸ਼ਨਲ ਮੈਰਾਥਨ' 27 ਸਤੰਬਰ 2025 ਨੂੰ ਖਾਲਸਾ ਕਾਲਜ, ਮਾਹਿਲਪੁਰ ਵਿਖੇ



ਆਯੋਜਿਤ ਕੀਤੀ ਜਾਵੇਗੀ। ਇਹ ਮੈਰਾਥਨ ਸ਼ਹੀਦ - ਏ - ਆਜ਼ਮ ਭਗਤ ਸਿੰਘ ਦੇ 118ਵੇਂ ਜਨਮ ਦਿਵਸ ਨੂੰ ਸਮਰਪਿਤ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਸਮਾਗਮ ਨਸ਼ਿਆਂ ਖ਼ਿਲਾਫ਼ ਇਕ ਮਜ਼ਬੂਤ ਸੰਦੇਸ਼ ਦੇਵੇਗਾ ਅਤੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਪ੍ਰੇਰਿਤ ਕਰਨ ਦਾ ਇਕ ਵੱਡਾ ਯਤਨ ਹੋਵੇਗਾ। ਉਨ੍ਹਾਂ ਦੱਸਿਆ ਕਿ ਇਹ ਮੈਰਾਥਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ਦੀ ਇਕ ਮਹੱਤਵਪੂਰਨ ਕੜੀ ਹੈ। ਇਸ ਸਮਾਗਮ ਰਾਹੀਂ ਨੌਜਵਾਨਾਂ ਵਿਚ ਦੇਸ਼ ਭਗਤੀ, ਤੰਦਰੁਸਤੀ ਅਤੇ ਖੇਡਾਂ ਪ੍ਰਤੀ ਦਿਲਚਸਪੀ ਵਧਾਉਣ ਦਾ ਟੀਚਾ ਰੱਖਿਆ ਗਿਆ ਹੈ। ਦੇਸ਼ ਭਰ ਤੋਂ ਹਜ਼ਾਰਾਂ ਐਥਲੀਟ ਮੈਰਾਥਨ ਵਿਚ ਹਿੱਸਾ ਲੈਣਗੇ ਅਤੇ ਜੇਤੂਆਂ ਨੂੰ ਆਕਰਸ਼ਕ ਇਨਾਮ ਦਿੱਤੇ ਜਾਣਗੇ। ਇਸ ਦੇ ਨਾਲ ਹੀ ਇਕ ਸੱਭਿਆਚਾਰਕ ਪ੍ਰੋਗਰਾਮ ਵੀ ਆਯੋਜਿਤ ਕੀਤਾ ਜਾਵੇਗਾ। ਇਸ ਮੌਕੇ 'ਸ਼ਹੀਦ ਭਗਤ ਸਿੰਘ ਸਪੋਰਟਸ ਆਈਕਨ ਪੰਜਾਬ' ਦੇ ਨਾਮ 'ਤੇ ਵਿਸ਼ੇਸ਼ ਸਨਮਾਨ ਵੀ ਦਿੱਤੇ ਜਾਣਗੇ। ਮੀਟਿੰਗ ਵਿੱਚ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ ਦੇ ਪੀ.ਆਰ.ਓ ਮੋਹਿਤ ਅੱਤਰੀ, ਐਸ.ਆਰ.ਐਫ ਫਾਊਂਡੇਸ਼ਨ, ਖਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਹਰਵਿੰਦਰ ਸਿੰਘ ਅਤੇ ਹਰਭਜਨ ਸਿੰਘ ਸਪੋਰਟਸ ਕਲੱਬ ਦੇ ਪ੍ਰਿੰਸੀਪਲ ਸਮੇਤ ਹੋਰ ਨੁਮਾਇੰਦਿਆਂ ਨੇ ਵੀ ਹਿੱਸਾ ਲਿਆ।

# ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈਗੜ੍ਹਸ਼ੰਕਰ ਦੇ ਪਿੰਡ ਦੇਨੋਵਾਲ ਖੁਰਦ ਬਸਤੀ ਸੈਸੀਆ ਵਿਖੇ ਚੱਲਿਆ ਪੀਲਾ ਪੰਜਾ








**ਹੁਸ਼ਿਆਰਪੁਰ, (ਪੱਤਰ ਪ੍ਰੇਰਕ)** ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਸ਼ੁਰੂ ਕੀਤੇ ਗਏ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ੇ ਦੇ ਖ਼ਾਤਮੇ ਅਤੇ ਨਸ਼ਾ ਤਸਕਰਾਂ ਵੱਲੋਂ ਕੀਤੇ ਗਏ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਹੁਸ਼ਿਆਰਪੁਰ ਪੁਲਿਸ ਨੇ ਅੱਜ ਗੜ੍ਹਸ਼ੰਕਰ ਵਿਚ ਪੰਚਾਇਤ ਵਿਭਾਗ ਦੇ ਸਹਿਯੋਗ ਨਾਲ ਪਿੰਡ ਦੇਨੋਵਾਲ ਖੁਰਦ ਦੀ ਬਸਤੀ ਸਾਂਸੀਆ ਵਿਚ 13 ਮਰਲੇ ਰਕਬੇ ਵਿਚ ਪੰਚਾਇਤੀ ਜ਼ਮੀਨ 'ਤੇ ਬਣੀਆਂ 5 ਅਣ-ਅਧਿਕਾਰਤ ਉਸਾਰੀਆਂ ਨੂੰ ਢਾਹ ਦਿੱਤਾ। ਇਹ ਗ਼ੈਰ-ਕਾਨੂੰਨੀ ਉਸਾਰੀ 9 ਲੋਕਾਂ ਵੱਲੋਂ ਕੀਤੀ ਗਈ ਸੀ, ਜਿਨ੍ਹਾਂ ਵਿਰੁੱਧ 100 ਐਫ.ਆਈ.ਆਰ ਦਰਜ ਹਨ, ਜਿਨ੍ਹਾਂ ਵਿਚੋਂ 92 ਐਫ.ਆਈ.ਆਰ ਐਨ.ਡੀ.ਪੀ.ਐਸ ਮਾਮਲਿਆਂ ਨਾਲ ਸਬੰਧਤ ਹਨ ਅਤੇ ਕਈ ਮਾਮਲਿਆਂ ਵਿਚ ਉਨ੍ਹਾਂ ਨੂੰ ਸਜ਼ਾ ਵੀ ਹੋਈ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਐਸ.ਐਸ.ਪੀ ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਨੇ ਦੱਸਿਆ ਕਿ ਇਹ ਕਾਰਵਾਈ ਪੇਂਡੂ ਵਿਕਾਸ ਅਤੇ ਪੰਚਾਇਤ ਅਫ਼ਸਰ ਦੀ ਬੇਨਤੀ 'ਤੇ ਕੀਤੀ ਗਈ ਹੈ, ਜਿਨ੍ਹਾਂ ਨੂੰ ਇਸ ਗੈਰ-ਕਾਨੂੰਨੀ ਉਸਾਰੀ ਨੂੰ ਢਾਹੁਣ ਲਈ ਪੁਲਿਸ ਸਹਾਇਤਾ ਦੀ ਲੋੜ ਸੀ। ਇਹ ਕਾਰਵਾਈ 9 ਲੋਕਾਂ ਵਿਰੁੱਧ ਕੀਤੀ ਗਈ ਹੈ। ਇਨ੍ਹਾਂ ਵਿਚ ਗੁਲਜ਼ਾਰ ਸਿੰਘ, ਸੁਖਵਿੰਦਰ ਰਾਣੀ, ਗੁਰਦਿਆਲ ਸਿੰਘ, ਅਮਰਜੀਤ ਕੌਰ, ਨਿਰਮਲ ਚੰਦ, ਇੰਦਰਜੀਤ, ਜੋਗਾ ਸਿੰਘ, ਸੰਤੋਖ ਸਿੰਘ ਅਤੇ ਜੋਗਿੰਦਰ ਸਿੰਘ ਸ਼ਾਮਲ ਹਨ। ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ 'ਤੇ ਹੁਸ਼ਿਆਰਪੁਰ ਪੁਲਿਸ ਨਸ਼ਿਆਂ ਅਤੇ ਗੈਰ-ਕਾਨੂੰਨੀ ਕਬਜ਼ੇ ਵਿਰੁੱਧ ਸਖ਼ਤ ਕਾਰਵਾਈ ਜਾਰੀ ਰੱਖੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਬਾਰੇ ਪੁਲਿਸ ਨੂੰ ਸੂਚਿਤ ਕੀਤਾ ਜਾਵੇ। ਉਨ੍ਹਾਂ ਭਰੋਸਾ ਦਿੱਤਾ ਕਿ ਦੋਸ਼ੀਆਂ ਵਿਰੁੱਧ ਤੁਰੰਤ ਅਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੱਤੀ ਕਿ ਜਾਂ ਤਾਂ ਨਸ਼ਾ ਤਸਕਰੀ ਛੱਡ ਕੇ ਕੋਈ ਹੋਰ ਕੰਮ ਕਰਨ ਜਾਂ ਸਖ਼ਤ ਕਾਰਵਾਈ ਲਈ ਤਿਆਰ ਰਹਿਣ। ਉਨ੍ਹਾਂ ਕਿਹਾ ਕਿ ਸਥਾਨਕ ਲੋਕ ਇਨ੍ਹਾਂ ਤਸਕਰਾਂ ਤੋਂ ਬਹੁਤ ਪ੍ਰੇਸ਼ਾਨ ਸਨ, ਜਿਸ ਲਈ ਉਨ੍ਹਾਂ ਨੇ ਪੰਜਾਬ ਸਰਕਾਰ ਦੀ ਇਸ ਕਾਰਵਾਈ ਦਾ ਸਵਾਗਤ ਕੀਤਾ ਹੈ। ਲੋਕਾਂ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੀ ਦੁਰਵਰਤੋਂ ਨੂੰ ਖਤਮ ਕਰਨ ਲਈ ਕੀਤੇ ਜਾ ਰਹੇ ਇਨ੍ਹਾਂ ਯਤਨਾਂ ਦਾ ਸਵਾਗਤ ਕਰਦੇ ਹਨ। ਇਸ ਦੌਰਾਨ ਉਨ੍ਹਾਂ ਨਾਲ ਐਸ.ਪੀ ਮੇਜਰ ਸਿੰਘ, ਡੀ.ਐਸ.ਪੀ ਪਲਵਿੰਦਰ ਸਿੰਘ, ਡੀ.ਐਸ.ਪੀ ਜਸਪ੍ਰੀਤ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਲੈਂਡ ਪੂਲਿੰਗ ਨੀਤੀ ਵਾਪਿਸ ਹੋਣੀ ਕਿਸਾਨ-ਮਜ਼ਦੂਰਾਂ ਦੀ ਜਿੱਤ : ਲਾਲੀ ਬਾਜਵਾ

## ਪੰਜਾਬੀ ਸੁਚੇਤ ਰਹਿਣ ਕਿਉਂਕਿ ਆਪ ਦੀ ਦਿੱਲੀ ਲੀਡਰਸ਼ਿਪ ਭੁੱਖ ਦੀ ਮਾਰੀ ਹੋਈ-ਅਕਾਲੀ ਆਗੂ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ ਨੂੰ ਵਾਪਿਸ ਲੈਣਾ ਕਿਸਾਨ-ਮਜਦੂਰ ਜਥੇਬੰਦੀਆਂ ਤੇ ਪੰਜਾਬ ਦੇ ਲੋਕਾਂ ਦੀ ਵੱਡੀ ਜਿੱਤ ਹੈ, ਇਹ ਪ੍ਰਗਟਾਵਾ ਅਕਾਲੀ ਦਲ ਦੇ ਜਿਲ੍ਹਾ ਪ੍ਰਧਾਨ ਸ਼ਹਿਰੀ ਜਤਿੰਦਰ ਸਿੰਘ ਲਾਲੀ ਬਾਜਵਾ ਵੱਲੋਂ ਕੀਤਾ ਗਿਆ ਅਤੇ ਕਿਹਾ ਗਿਆ ਕਿ ਇਸ ਨੀਤੀ ਖਿਲਾਫ ਅਕਾਲੀ ਦਲ ਵੱਲੋਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਲੜੀ ਗਈ ਲੜਾਈ ਨੇ ਸਾਬਿਤ ਕੀਤਾ ਹੈ ਕਿ ਪੰਜਾਬ ਵਿੱਚ ਜੇਕਰ ਜੁਲਮ ਦੇ ਖਿਲਾਫ ਕੋਈ ਧਿਰ ਆਵਾਜ ਚੁੱਕ ਸਕਦੀ ਹੈ ਤਾਂ ਉਹ ਅਕਾਲੀ ਦਲ ਹੀ ਹੈ। ਲਾਲੀ ਬਾਜਵਾ ਨੇ ਕਿਹਾ ਕਿ ਸੂਬੇ ਦੀ ਆਪ ਸਰਕਾਰ ਖਿਲਾਫ ਤਦ ਤੱਕ ਲੜਾਈ ਜਾਰੀ ਰਹੇਗੀ ਜਦੋਂ ਤੱਕ ਸਰਕਾਰ ਲੈਂਡ ਪੂਲਿੰਗ ਨੀਤੀ ਵਾਪਿਸ ਲੈਣ ਪ੍ਰਤੀ ਨੋਟੀਫਿਕੇਸ਼ਨ ਜਾਰੀ ਨਹੀਂ ਕਰ ਦਿੰਦੀ। ਉਨ੍ਹਾਂ ਕਿਹਾ ਕਿ ਇਸ ਨੀਤੀ ਤਹਿਤ ਪੰਜਾਬ ਦੀ ਜਰਖੇਜ ਜਮੀਨ ਨੂੰ ਲੁੱਟਣ ਦੀ ਅਸਫਲ ਕੋਸ਼ਿਸ਼ ਆਪ ਦੀ ਦਿੱਲੀ ਲੀਡਰਸ਼ਿਪ ਨੇ ਕੀਤੀ ਹੈ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਤਮਾਸ਼ਾ ਦੇਖਿਆ ਹੈ। ਲਾਲੀ ਬਾਜਵਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਭਵਿੱਖ ਪ੍ਰਤੀ ਵੀ ਸੁਚੇਤ ਰਹਿਣ ਦੀ ਜਰੂਰਤ ਹੈ ਕਿਉਂਕਿ ਆਪ ਦਾ ਦਿੱਲੀ ਵਾਲਾ ਟੋਲਾ ਭੁੱਖ ਦਾ ਮਾਰਿਆ ਹੋਇਆ ਹੈ ਜੋ ਕਿ



ਕੈਪਸ਼ਨ-ਗੱਲਬਾਤ ਦੌਰਾਨ ਲਾਲੀ ਬਾਜਵਾ, ਹਰਿੰਦਰਪਾਲ ਝਿੰਗੜ ਤੇ ਹੋਰ।ਫੋਟੋ ਅਜਮੇਰ ਦੀਵਾਨਾ

ਆਉਣ ਵਾਲੇ ਸਮੇਂ ਦੌਰਾਨ ਲੈਂਡ ਪੂਲਿੰਗ ਵਰਗੀ ਕੋਈ ਹੋਰ ਨੀਤੀ ਲਿਆ ਕੇ ਪੰਜਾਬ ਨੂੰ ਲੁੱਟਣ ਦੀ ਸਾਜਿਸ਼ ਕਰਨ ਦੀ ਕੋਸ਼ਿਸ਼ ਜਰੂਰ ਕਰਨਗੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਹਮੇਸ਼ਾ ਦੀ ਤਰ੍ਹਾਂ ਕਿਸਾਨਾਂ-ਮਜ਼ਦੂਰਾਂ ਦੀ ਲੜਾਈ ਲੜਦਾ ਰਹੇਗਾ। ਇਸ ਮੌਕੇ ਇੰਜ.ਹਰਿੰਦਰਪਾਲ ਸਿੰਘ ਝਿੰਗੜ, ਨੰਬਰਦਾਰ ਬਚਿੱਤਰ ਸਿੰਘ ਰੰਧਾਵਾ ਬਰੋਟਾ, ਗੁਰਪ੍ਰੀਤ ਸਿੰਘ ਕੋਹਲੀ ਵੀ ਹਾਜਰ ਸਨ।

# ਪੜਤਾਲੀਆ ਕਮੇਟੀ ਵੱਲੋਂ ਸਤਨਾਮ ਸਿੰਘ ਲੋਹਗੜ੍ਹ ਦੋਸ਼ੀ ਕਰਾਰ

## ਬੈਂਚ,ਝੰਡਾ,ਬੈਨਰ ਤੇ ਕਾਰਡ ਜਮਾਂ ਕਰਵਾਉਣ ਲਈ ਕਿਹਾ



**ਮਹਿਤਪੁਰ, (ਹਰਜਿੰਦਰ ਸਿੰਘ ਚੰਦੀ)–**ਭਾਰਤੀ ਕਿਸਾਨ ਯੂਨੀਅਨ ਪੰਜਾਬ ਦੀ ਮੀਟਿੰਗ ਸਰਪ੍ਰਸਤ ਬਾਪੂ ਗੁਰਦੇਵ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਸਮੁੱਚੀ ਕੋਰ ਕਮੇਟੀ ਮੈਂਬਰ ਪੰਜਾਬ ਅਤੇ ਜ਼ਿਲ੍ਹਾ ਪ੍ਰਧਾਨ ਹਾਜ਼ਰ ਹੋਏ ਜਿਸ ਵਿਚ ਜਲੰਧਰ ਜ਼ਿਲ੍ਹੇ ਦੇ ਸਤਨਾਮ ਸਿੰਘ ਲੋਹਗੜ ਤੇ ਲੱਗੇ ਇਲਜਾਮ ਸਾਬਤ ਹੋਏ ਸੀ। ਜਿਸ ਤੇ ਉਹ ਕੋਈ ਵੀ ਸੰਤੁਸ਼ਟ ਜਵਾਬ ਨਹੀਂ ਦੇ ਸਕਿਆ। ਇਸ ਮਸਲੇ ਵਿੱਚ ਜੋ ਕਮੇਟੀ ਬਣਾਈ ਗਈ ਸੀ ਜਿਸ ਵਿੱਚ ਕੋਰ ਕਮੇਟੀ ਮੈਂਬਰ ਪੰਜਾਬ ਸ੍ਰੀ ਪਰਗਟ ਸਿੰਘ ਲਹਿਰਾ, ਗੁਰਬਿੰਦਰ ਸਿੰਘ ਢਿੱਲੋਂ, ਅਤੇ ਲਖਵੀਰ ਸਿੰਘ ਨਿੱਝਰ ਨੇ ਰਿਪੋਰਟ ਮੀਟਿੰਗ ਵਿੱਚ ਰੱਖੀ ਅਤੇ ਸਤਨਾਮ ਸਿੰਘ ਲੋਹਗੜ੍ਹ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਅਤੇ ਨਾਲ ਇਹ ਵੀ ਕਿਹਾ ਕਿ ਜੋਂ ਵੀ ਗੱਡੀ ਤੇ ਲਗਾਉਣ ਵਾਲੇ ਬੈਨਰ, ਬੈਂਚ, ਝੰਡਾਂ ਅਤੇ ਯੂਨੀਅਨ ਦਾ ਕਾਰਡ ਹਨ ਉਹ ਜ਼ਿਲ੍ਹਾ ਪ੍ਰਧਾਨ ਕੋਲ ਜਮ੍ਹਾਂ ਕਰਵਾਏ ਜਾਣ। ਇਸ ਦੀ ਜਾਣਕਾਰੀ ਪ੍ਰਗਟ ਸਿੰਘ ਲਹਿਰਾ ਕੋਰ ਕਮੇਟੀ ਮੈਂਬਰ ਪੰਜਾਬ, ਨਰਿੰਦਰ ਸਿੰਘ ਬਾਜਵਾ ਕੋਰ ਕਮੇਟੀ ਮੈਂਬਰ ਪੰਜਾਬ, ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ ਵੱਲੋਂ ਪ੍ਰੈਸ ਨੂੰ ਦਿੱਤੀ ਗਈ।

# ਇੰਗਲੈਂਡ ਦੇ ਸਿੱਖ ਆਗੂਆਂ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਏ ਜਾਣ ਦਾ ਕੀਤਾ ਸੁਵਾਗਤ

## ਬੀਬੀ ਸਤਵੰਤ ਕੌਰ ਨੂੰ ਧਾਰਮਿਕ ਕੌਂਸਲ ਦੇ ਚੇਅਰਪਰਸਨ ਬਣਾਉਣ ਤੇ ਸਮੁੱਚੇ ਆਗੂਆਂ ਦਾ ਕੀਤਾ ਧੰਨਵਾਦ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)**- ਇੰਗਲੈਂਡ ਦੇ ਸਿੱਖ ਆਗੂਆਂ ਸ ਰਾਜਮਨਵਿੰਦਰ ਸਿੰਘ ਰਾਜਾ ਕੰਗ ਬੁਲਾਰਾ ਤੀਰ ਗਰੁੱਪ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਲੈਸਟਰ ਦੇ ਪ੍ਰਧਾਨ ਸ ਗੁਰਨਾਮ ਸਿੰਘ ਨਵਾਂ ਸ਼ਹਿਰ, ਤੀਰ ਗਰੁੱਪ ਦੇ ਚੇਅਰਮੈਨ ਬਰਿੰਦਰ ਸਿੰਘ ਬਿੱਟੂ ਅਤੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮੁੱਚੇ ਪ੍ਰਬੰਧ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਨਵ ਨਿਯੁਕਤ ਪ੍ਰਧਾਨ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਨਿਯੁਕਤ ਹੋਣ





ਸ ਰਾਜਮਨਵਿੰਦਰ ਸਿੰਘ ਰਾਜਾ ਕੰਗ, ਸ ਗੁਰਨਾਮ ਸਿੰਘ ਨਵਾਂ ਸ਼ਹਿਰ

ਅਤੇ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਜੀ ਨੂੰ ਧਾਰਮਿਕ ਕੌਂਸਲ ਦੇ ਚੇਅਰਪਰਸਨ ਬਣਾਉਣ ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਹਾਈ ਕਮਾਂਡ ਦਾ ਧੰਨਵਾਦ ਕੀਤਾ ਹੈ।ਸ ਕੰਗ ,ਸ ਬਿੱਟੂ ਅਤੇ ਗੁਰਨਾਮ ਸਿੰਘ ਨੇ ਸਾਂਝੇ ਤੌਰ ਤੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋ ਪ੍ਰਵਾਨਿਤ ਪੰਜ ਮੈਂਬਰੀ ਭਰਤੀ ਕਮੇਟੀ ਦੇ ਮੈਂਬਰਾਂ ਵੱਲੋਂ ਬਹੁਤ ਇਮਾਨਦਾਰੀ ਨਾਲ ਆਪਣੀ ਜਿੰਮੇਵਾਰੀ ਨਿਭਾਈ ਗਈ,ਜਿਸ ਦੇ ਫਲਸਰੂਪ ਬਿਨਾਂ ਕਿਸੇ ਤਣਾਓ ਤੋ ਪ੍ਰਧਾਨਗੀ ਦੀ ਚੋਣ ਕੀਤੀ ਗਈ।ਉਕਤ ਆਗੂਆਂ ਨੇ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਸਾਡੀ ਨਵੀਂ ਲੀਡਰਸ਼ਿਪ ਨਿਮਰਤਾ ਸਹਿਤ ਬਾਕੀ ਆਗੂਆਂ ਨਾਲ ਪੇਸ਼ ਆਉਣ ਜਿਸ ਨਾਲ ਆਪਸੀ ਇਤਫਾਕ ਅਤੇ ਏਕਤਾ ਦੀ ਸੰਭਾਵਨਾ ਵੱਧ ਸਕੇ।

# ਕੇ.ਆਈ.ਐਮ.ਟੀ ਵਿਖੇ ਖੁਸ਼ੀ ਭਰੇ ਤੀਜ ਸਮਾਗਮਾਂ ਵਿੱਚ ਵਿਦਿਆਰਥੀਆਂ ਨੇ ਵਿਰਾਸਤ ਨੂੰ ਅਪਣਾਇਆ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਕੇ.ਆਈ.ਐਮ.ਟੀ.ਵਿਖੇ ਜੀਵੰਤ ਰੰਗਾਂ, ਲੋਕ ਸੰਗੀਤ ਅਤੇ ਸੱਭਿਆਚਾਰਕ ਤਿਉਹਾਰਾਂ ਨਾਲ ਜੀਵੰਤ ਹੋ ਗਿਆ ਕਿਉਂਕਿ ਵਿਦਿਆਰਥੀ ਅਤੇ ਫੈਕਲਟੀ ਤੀਜ ਦੇ ਤਿਉਹ-ਾਰ ਨੂੰ ਬਹੁਤ ਉਤਸ਼ਾਹ ਨਾਲ ਮਨਾਉਣ ਲਈ ਇਕੱਠੇ ਹੋਏ। ਇਸ ਸਮਾਗਮ ਦਾ ਉਦੇਸ਼ ਇਸ ਸ਼ੁਭ ਤਿਉਹਾਰ ਨਾਲ ਜੁੜੀਆਂ ਅਮੀਰ ਪਰੰਪਰਾਵਾਂ ਦਾ ਸਨਮਾਨ ਕਰਨਾ ਸੀ ਜਦੋਂ ਕਿ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸੱਭਿਆਚਾਰਕ ਪ੍ਰਤਿਭਾਵਾਂ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨਾ ਸੀ। ਵਿਦਿਆਰਥੀਆਂ ਨੇ ਆਪਣੇ ਆਪ ਨੂੰ ਰੰਗੀਨ ਨਸਲੀ ਪਹਿਰਾਵੇ ਵਿੱਚ ਸਜਾਇਆ ਅਤੇ ਹਿਨਾ ਲਗਾਈ। ਮਿਸ ਤੀਜ ਕਵੀਨ, ਬੈਸਟ ਬੈਂਗਲਸ, ਬੈਸਟ ਗੁੱਤ, ਬੈਸਟ ਜੁੱਤੀ ਅਤੇ ਬਿਊਟੀਫੁੱਲ ਫੁਲਕਾਰੀ ਵਰਗੇ ਮੁਕਾਬਲੇ ਆਯੋਜਿਤ ਕੀਤੇ ਗਏ ਜੋ ਤੀਜ ਦੇ ਸਾਰ ਨੂੰ ਦਰਸਾਉਂਦੇ ਸਨ। ਇਸ ਸਮਾਗਮ ਦਾ ਮੁੱਖ ਆਕਰਸ਼ਣ





ਗਿੱਧਾ ਸੀ ਜੋ ਏਕਤਾ ਅਤੇ ਖੁਸ਼ੀ ਦੀ ਭਾਵਨਾ ਨਾਲ ਗੂੰਜਦਾ ਸੀ। ਡਾ: ਹਰਪ੍ਰੀਤ ਕੌਰ ਡਾਇਰੈਕਟਰ ਨੇ ਕਿਹਾ ਕਿ ਤੀਜ ਵਰਗੇ ਤਿਉਹ-ਾਰ ਨਾ ਸਿਰਫ਼ ਪਰੰਪਰਾਵਾਂ ਨੂੰ ਜ਼ਿੰਦਾ ਰੱਖਦੇ ਹਨ ਬਲਕਿ ਵਿਦਿਆਰਥੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੁੜਨ ਦਾ ਮੌਕਾ ਵੀ ਪੈਦਾ ਕਰਦੇ ਹਨ। ਇਸ ਮੌਕੇ ਮਿਸ ਤੀਜ ਅਰਸ਼ਦੀਪ ਕੌਰ, ਪੰਜਾਬੀ ਮੁਟਿਆਰ ਮਨਦੀਪ ਕੌਰ, ਸੋਹਣਾ ਪਹਿਰਾਵਾ ਜਸਨੀਤ ਕੌਰ, ਸੋਹਣੀ ਮੁਟਿਆਰ ਦੀਪਤੀ , ਵਿਰਸਾ ਮੁਟਿਆਰ ਦੀਕਸ਼ਾ , ਸਰਵੋਤਮ ਚੂੜੀਆਂ ਪਲਕ, ਸਰਵੋਤਮ ਗੁੱਤ ਪਲਕ ਸੂਦ, ਸਰਵੋਤਮ ਜੁੱਤੀ ਜਸਪ੍ਰੀਤ ਬੱਤਰਾ , ਸਰਵੋਤਮ ਫੁਲਕਾਰੀ ਖੁਸ਼ੀ ਕਪੂਰ ਨੂੰ ਚੁਣਿਆ ਗਿਆ ।

# ਜੀ ਡੀ ਗੋਇਨਕਾ ਸਕੂਲ 'ਚ ਮਨਾਇਆ 79 ਵਾਂ ਸੁਤੰਤਰਤਾ ਦਿਵਸ



**ਕਪੂਰਥਲਾ, (ਕੌੜਾ)–** ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ 79ਵਾਂ ਸੁਤੰਤਰਤਾ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ । ਸਕੂਲ ਦੇ ਚੇਅਰਮੈਨ ਸਰਦਾਰ ਸੁਖਦੇਵ ਸਿੰਘ , ਸਕੱਤਰ ਸ਼੍ਰੀਮਤੀ ਪਰਮਿੰਦਰ ਕੌਰ ਨੇ ਰਾਸ਼ਟਰੀ ਝੰਡਾ ਲਹਿਰਾ ਕੇ ਸਮਾਗਮ ਦੀ ਸ਼ੁਰੂਆਤ ਕੀਤੀ । ਇਸ ਤੋਂ ਬਾਅਦ ਬੱਚਿਆਂ ਵਲੋਂ ਰਾਸ਼ਟਰੀ ਗਾਣ ਗਾਇਆ ਗਿਆ । ਇਸ ਉਪਰੰਤ ਨਰਸਰੀ ਤੋਂ 9ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ।ਜਿਸ ਵਿੱਚ ਦੇਸ਼ ਭਗਤੀ ਦੀਆਂ ਕਵਿਤਾਵਾਂ,ਸੋਲੋ ਡਾਂਸ, ਸ਼ਹੀਦਾਂ ਦੇ ਜੀਵਨ 'ਤੇ ਆਧਾਰਿਤ ਪੀ.ਪੀ.ਟੀ ਪੇਸ਼ ਕੀਤੀ ਗਈ ਅਤੇ ਵਿਦਿਆਰਥੀਆਂ ਦੇ ਅਜ਼ਾਦੀ ਨਾਲ ਸੰਬੰਧਿਤ ਇਤਿਹਾਸ ਦੀ ਪਰਖ ਲਈ ਉਨ੍ਹਾਂ ਨੂੰ ਸਵਾਲ ਵੀ ਪੁੱਛੇ ਗਏ। ਇਸ ਮੌਕੇ ਸਕੂਲ ਦੇ ਚੇਅਰਮੈਨ ਸਰਦਾਰ ਸੁਖਦੇਵ ਸਿੰਘ, ਸਕੱਤਰ ਸ਼੍ਰੀਮਤੀ ਪਰਮਿੰਦਰ ਕੌਰ ਨੇ ਸਤੰਤਰਤਾ ਦਿਵਸ ਬਾਰੇ ਵਿਸਥਾਰ ਵਿੱਚ ਬੱਚਿਆਂ ਨੂੰ ਜਾਣੂ ਕਰਵਾਇਆ । ਉਹਨਾਂ ਦੱਸਿਆ ਕਿ ਜਿਸ ਆਜ਼ਾਦੀ ਦਾ ਅੱਜ ਅਸੀਂ ਨਿੱਘ ਮਾਣ ਰਹੇ ਹਾਂ ਉਹ ਲੱਖਾਂ ਕੁਰਬਾਨੀਆਂ ਤੋਂ ਬਾਅਦ ਹਾਸਿਲ ਕੀਤੀ ਗਈ ਹੈ । ਇਸ ਮੌਕੇ ਆਜ਼ਾਦੀ ਲਈ ਜਾਨ ਕੁਰਬਾਨ ਕਰਨ ਵਾਲੇ ਸ਼ਹੀਦਾਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਵਿਦਿਆਥੀਆਂ ਨੂੰ ਦੇਸ਼ ਪ੍ਰਤੀ ਵਫ਼ਾਦਾਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ।

## ਏਕਾ ਸਮੇਂ ਦੀ ਲੋੜ

ਕੱਲ੍ਹ ਨੂੰ ਫ਼ੇਰ ਆਜ਼ਾਦੀ ਦੀ ਗੱਲ ,
ਥਾਂ ਥਾਂ ਕੀਤੀ ਜਾਵੇਗੀ।
ਸੂਬਿਆਂ ਦੇ ਨਾਲ਼ ਕੇਂਦਰ ਦੀ ,
ਸਰਕਾਰ ਵੀ ਭੰਗੜੇ ਪਾਵੇਗੀ।
ਕਾਗ਼ਜ਼ੀ ਅਤੇ ਜ਼ੁਬਾਨੀ ਗੱਲਾਂ ,
ਹੋਣਗੀਆਂ ਪਰ ਅਮਲਾਂ ਵਿੱਚ ;
ਅਸਲੀ ਆਜ਼ਾਦੀ ਕਦੋਂ ਗ਼ਰੀਬਾਂ ,
ਦੇ ਘਰ ਫੇਰਾ ਪਾਵੇਗੀ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ
ਜ਼ਿਲ੍ਹਾ ਸੰਗਰੂਰ।
9914836037

## ਅਜ਼ਾਦੀ/ਉਜਾੜਾ

ਰਾਤੀ ਇਕ ਕੰਨ੍ਹੀ ਖ਼ਬਰ ਪਈ ,
ਸਵੇਰ ਚੜ੍ਹਦੀ ਨੂੰ ਵੰਡੀ ਜਾਵਾਂਗੀ,
ਬੇਇਜ਼ਤ ਤੇ ਨੀਲਾਮ ਹੋ ਕੇ,
ਕੀਹਦੇ - ਕੀਹਦੇ ਪੈਰਾਂ ਹੇਠ ਲਿਤਾੜੀ ਜਾਵਾਂਗੀ ।
ਮੈਨੂੰ ਲੁੱਟ ਲਿਆ ਇਹਨਾਂ ਪਹਿਰੇਦਾਰ ਨੇ,
ਜੋ ਮੇਰੀ ਰਾਖੀ ਕਰਦੇ ਸੀ,
ਮੇਰੇ ਅਹਿਸਾਨਾਂ ਦੀ ਕਦਰ ਨਾ ਜਾਣੀ
ਨਿੱਤ ਆਪਣਾ ਪਾਣੀ ਭਰਦੇ ਸੀ ।
ਇਕ ਫਟਿਆ ਬੰਬ ਮੇਰੀ ਹਿਕ ਤੇ ,
ਜਿਹਨੇ ਸਭ ਕੁਝ ਮੇਰਾ ਖਿਲਾਰ ਦਿੱਤਾ,
ਮੇਰੇ ਪੁੱਤ ਮੇਰੇ ਤੋਂ ਖੋਹ ਲਏ,
ਫੜ੍ਹਾ ਬਾਟਾ ਸੜਕਾਂ ਦੇ ਕੰਢਿਆਂ ਤੇ ਰੋਲ ਦਿੱਤਾ ।
ਇਹ ਕੈਸਾ ਜਸ਼ਨ ਅਜ਼ਾਦੀ ਦਾ,
ਜਿੱਥੇ ਕੰਡਿਆਲੀ ਤਾਰ ਵਿਛਾ ਦਿੱਤੀ,
ਜਿਹੜਾ ਲੰਘਿਆ ਇਹ ਤਾਰ ਓਹਨੇ ,
ਆਪਣੀ ਜਾਨ ਗਵਾ ਦਿੱਤੀ ।



**ਗੁਰਪ੍ਰੀਤ ਕੌਰ**
ਲੁਧਿਆਣਾ
7696209932

## ਅਜ਼ਾਦੀ ਦਿਵਸ

ਕਾਹਦੀ ਹੈ ਅਜ਼ਾਦੀ ਬੱਸ ਦੇਸ਼ ਨੂੰ ਹੀ ਤੋੜਿਆ
ਭਾਈਆਂ ਭੈਣਾਂ ਨੂੰ ਇਹਨਾਂ ਸਦਾ ਲਈ ਵਿਛੋੜਿਆ
ਕਿੰਨੇ ਸਾਲ ਹੋ ਗਏ ਸ਼ਾਹ ਸੁਖ ਦਾ
ਕੋਈ ਆਇਆ ਨਹੀਂ
ਜਗੀਰਦਾਰਾਂ ਦੀ ਗੁਲਾਮੀ ਚੋਂ
ਮਜ਼ਦੂਰ ਤਾਂ ਛਡਾਇਆ ਨਹੀਂ
ਕਹਿਣ ਨੂੰ ਆਜ਼ਾਦ ਬਸ ਦਿਲ ਦਿਲ ਸਾਡਾ ਤੋੜਿਆ
ਭੈਣਾਂ ਭਾਈਆਂ ਨੂੰ ਇਹਨਾਂ ਸਦਾ ਲਈ ਵਿਛੋੜਿਆ
ਭਾਰਤ ਦੇ ਵਿੱਚੋਂ ਅੰਗਰੇਜ਼ ਭਾਵੇਂ ਗਏ ਆ
ਪੂੰਜੀਪਤੀਆ ਦੇ ਤਾਂ ਹਿਸਾਬ ਉਹੀ ਰਹੇ ਆ
ਕਦੋਂ ਆਪਸ ਵਿੱਚ ਸਾਨੂੰ ਇਹਨਾਂ ਨਾਲ ਜੋੜਿਆ
ਭੈਣਾਂ ਭਾਈਆਂ ਨੂੰ ਇਹਨਾਂ ਸਦਾ ਲਈ ਵਿਛੋੜਿਆ
ਗੁਰਮੀਤ ਡੁਮਾਣੇ ਏਥੇ ਲੋਕ ਫਰਿਆਦੀ ਆ
ਅਜ਼ਾਦੀ ਨਹੀਂ ਇਹ ਤਾਂ ਯਾਰੋ ਬਰਬਾਦੀ ਆ
ਬਣਦਾ ਜੋ ਹੱਕ ਕਦੇ ਕਿਸੇ ਨੇ ਨਹੀਂ ਮੋੜਿਆ
ਭੈਣਾਂ ਭਾਈਆਂ ਨੂੰ ਇਹਨਾਂ ਸਦਾ
ਲਈ ਵਿਛੋੜਿਆ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

## ਅਜ਼ਾਦੀ

ਮੈਂ ਫੇਰ ਤਰੰਗਾ ਲਾਓ ਬਨੇਰੇ।
ਬੰਦੀ ਸਿੰਘ ਤੂੰ ਛੱਡਦੇ ਮੇਰੇ।
ਸਾਡੇ ਲਈ ਨੇ ਬੁਣੇ ਬਥੇਰੇ।
ਜਾਲ ਸਾਡੀ ਬਰਬਾਦੀ ਦੇ
ਦੱਸ ਦੇ ਕਿੱਦਾ ਜਸ਼ਨ ਮਨਾਈਏ
ਤੇਰੀ ਇਸ ਅਜ਼ਾਦੀ ਦੇ.....
ਸਭ ਤੋਂ ਵੱਧ ਸਾਡੀ ਕੁਰਬਾਨੀ।
ਪਾਈ ਨਾ ਤੂੰ ਕਦਰ ਦੁਆਨੀ।
ਤੂੰ ਦਿੱਤੀ ਜੇਲ੍ਹੀ ਰੋਲ ਜੁਆਨੀ।
ਠੱਪੇ ਲਾ ਅੱਤਵਾਦੀ ਦੇ
ਦੱਸ ਦੇ ਕਿੱਦਾ ਜਸ਼ਨ ਮਨਾਈਏ
ਤੇਰੀ ਇਸ ਅਜ਼ਾਦੀ ਦੇ...
ਨਹਿਰੂ ਵੱਡੇ ਕਰ ਗਿਆ ਧੋਖੇ।
ਅਸੀਂ ਆਗੇ ਇਹ ਦੇ ਵਿੱਚ ਭਰੋਸੇ
ਇਹਨਾਂ ਗੱਲਾਂ ਵਿੱਚ ਫਸਾ ਲੈ ਖੋਸੇ
ਲਾਰੇ ਜਿਵੇਂ ਸ਼ਰਾਬੀ ਦੇ
ਦੱਸ ਦੇ ਕਿੱਦਾ ਜਸ਼ਨ ਮਨਾਈਏ
ਤੇਰੀ ਇਸ ਅਜ਼ਾਦੀ ਦੇ....
ਅੱਜ ਏ ਚੁੱਪ ਕਾਸ ਤੋਂ ਕਰਗੀ।
ਹੁਣ ਦੱਸ ਅਦਾਲਤ ਕਿੱਥੇ ਮਰਗੀ।
ਭਾਗ ਪੁਰੀ ਕਿਹੜੀ ਖੁੱਡ ਵਿੱਚ ਵੜ੍ਹਗੀ।
ਰੋਲੇ ਪਾ ਵੱਡੀ ਉਪਾਧੀ ਦੇ
ਦੱਸ ਦੇ ਕਿੱਦਾ ਜਸ਼ਨ ਮਨਾਈਏ
ਤੇਰੀ ਇਸ ਅਜ਼ਾਦੀ ਦੇ.......

**ਦਰਸ਼ਨ ਸਿੰਘ ਭਾਗ ਪੁਰੀ।**

## ਤਿਰੰਗਾ

ਸਾਡਾ ਅੰਬਰਾਂ 'ਚ ਸਦਾ ਝੂਲਦਾ ਤਿਰੰਗਾ।
ਦੇਸ਼ ਭਗਤੀ ਦੀ ਭਾਵਨਾ ਜਗਾਵੇ ਤਿਰੰਗਾ।
ਸਾਨੂੰ ਮਾਣ ਸਾਡੇ ਤਿਰੰਗੇ ਝੰਡੇ ਉੱਤੇ।
ਕੀ ਦੱਸਾਂ ਸਾਡੀ ਜ਼ਿੰਦ ਜਾਨ ਹੈ ਤਿਰੰਗਾ।
ਹਰ ਕੋਈ ਰੰਗ ਕੁਝ ਨਾ ਕੁਝ ਆਖੇ।
ਰੰਗ ਕੇਸਰੀ ਕੁਰਬਾਨੀ ਦੇ ਦੱਸੇ ਸਾਕੇ।
ਦੱਸੇ ਮਾਂਵਾਂ ਨੇ ਕਿਵੇਂ ਸੀ ਪੁੱਤ ਵਾਰੇ।
ਤਾਂ ਹੀ ਕੁਰਬਾਨੀ ਦਾ ਪ੍ਰਤੀਕ ਹੈ ਤਿਰੰਗਾ।
ਚਿੱਟਾ ਰੰਗ ਹੈ ਸੱਚਾ ਤੇ ਸੁੱਚਾ।
ਰੂਪ ਜਿਵੇਂ ਹੋਵੇ ਖੁਦਾਈ ਦਾ।
ਸਾਂਤੀ ਦੇ ਅਸੀ ਹਾਂ ਪੁੰਜ ਮੁੱਢ ਤੋਂ।
ਫਬੇ ਤਾਂ ਹੀ ਚਿੱਟੇ ਰੰਗ ਦੇ ਨਾਲ਼ ਤਿਰੰਗਾ।
ਚੱਕਰ ਅਸ਼ੋਕ ਤਰੱਕੀ ਦੀ ਰਾਹ ਦੱਸਦਾ।
ਹਰਾ ਰੰਗ ਦੱਸੇ ਸਾਡੇ ਖੇਤਾਂ ਵਿੱਚ ਰੱਬ ਵੱਸਦਾ।
ਹੱਥੀਂ ਕਿਰਤ ਦਾ ਨਾਲੇ ਵੰਡੇ ਸੁਨੇਹਾ।
ਐਵੇਂ ਤਾਂ ਨਹੀਂ ਦੁਨੀਆਂ ਤੇ ਸ਼ਾਨ ਤਿਰੰਗਾ।



**ਸੰਦੀਪ ਕੌਰ ਖੁੱਡੀ ਕਲਾਂ**
**ਬਰਨਾਲਾ**
9781660021

## ਜਨਮ-ਦਿਨ ਮੁਬਾਰਕ



ਜਿੱਥੇ ਭਾਰਤ ਦੇਸ਼ ਆਪਣਾ ੭੮ ਅਜ਼ਾਦੀ ਦਿਵਸ ਮਨਾਂ ਰਿਹਾ ਹੈ ਉੱਥੇ ਹੀ ਦਾਸ ਆਪਣਾ ੧੫ ਅਗਸਤ ਅਜ਼ਾਦੀ ਵਾਲੇ ਦਿਨ ਆਪਣਾ ੫੫ ਜਨਮ ਦਿਨ ਮਨਾ ਰਿਹਾ ਹੈ । ਜ਼ਿੰਦਗੀ ਦੇ ੫੫ ਸਾਲਾਂ 'ਚ ਬਹੁਤ ਕੁਝ ਸਿੱਖਣ ਲਈ ਮਿਲਿਆ. ਬਹੁਤ ਸਾਰੇ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਿਆ. ਬਹੁਤ ਸਾਰੇ ਇਮਤਿਹਾਨਾਂ . ਉਤਰਾ-ਚੜ੍ਹਾਅ, ਦੁੱਖ-ਦਰਦ ਦਾ ਸਾਹਮਣਾ ਕੀਤਾ ਹੈ । ਪਰ ਦੁੱਖ ਦਰਦ ਤਾਂ ਸ਼ਾਇਦ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਹੈ ਪਰ ਜੋ ਧੋਖੇ. ਫਰੇਬ . ਆਪਣੇ ਫ਼ਾਇਦੇ ਲਈ ਵਰਤਦੇ ਹਨ ਤੇ ਫਿਰ ਅੱਖਾਂ ਤੱਕ ਨਹੀਂ ਮਿਲਾਉਂਦੇ ਉਸ ਦਾ ਦਰਦ ਬਹੁਤ ਤਕਲੀਫ਼ ਦਿੰਦਾ ਹੈ ! ਪਰ ਵਾਹਿਗੁਰੂ ਜੀ ਦੀ ਸਦਾ ਬਖਸ਼ਿਸ਼ ਰਹੀ ਹੈ ਜਿੱਥੇ ੫੫ ਸਾਲ ਨਿਕਲ ਗਏ ਉੱਥੇ ਬਾਕੀ ਦਾ ਸਮਾਂ ਵੀ ਇਸੇ ਤਰ੍ਹਾਂ ਨਿਕਲ ਜਾਵੇਗਾ ।

**Surjit Singh flora**
**6 Havelock Drive**
**Brampton, Ont,L6W 4A5**
**647-829-9397**

# ਸਪੈਸ਼ਲ ਬੱਚੇ ਦਿਲ ਦੇ ਪਾਕ-ਸਾਫ, ਹਮੇਸ਼ਾ ਸਭ ਦੀ ਮੰਗਦੇ ਨੇ ਸੁੱਖ : ਪਰਮਜੀਤ ਸੱਚਦੇਵਾ

## ਆਸ਼ਾ ਕਿਰਨ ਸਕੂਲ ਅੰਦਰ ਸਪੈਸ਼ਲ ਬੱਚਿਆਂ ਨਾਲ ਮਨਾਇਆ ਜਨਮ ਦਿਨ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਸਮਾਜਸੇਵੀ ਪਰਮਜੀਤ ਸਿੰਘ ਸੱਚਦੇਵਾ ਵੱਲੋਂ ਆਪਣਾ ਜਨਮ ਦਿਨ ਜੇ.ਐੱਸ.ਐੱਸ.ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਵਿੱਚ ਸਪੈਸ਼ਲ ਬੱਚਿਆਂ, ਸਟਾਫ, ਸੁਸਾਇਟੀ ਮੈਂਬਰਾਂ ਤੇ ਡਿਪਲੋਮਾ ਕਰਨ ਵਾਲੇ ਵਿਦਿਆਰਥੀਆਂ ਨਾਲ ਮਨਾਇਆ ਗਿਆ ਅਤੇ ਇਸ ਦੌਰਾਨ ਪਰਮਜੀਤ ਸੱਚਦੇਵਾ ਵੱਲੋਂ ਸਪੈਸ਼ਲ ਬੱਚਿਆਂ ਲਈ 4.50 ਲੱਖ ਰੁਪਏ ਦੀ ਲਾਗਤ ਵਾਲਾ ਈਕੋ ਸਾਂਊਡ ਸਿਸਟਮ ਭੇਟ ਕੀਤਾ ਗਿਆ । ਇਸ ਮੌਕੇ ਪਰਮਜੀਤ ਸੱਚਦੇਵਾ ਨੇ ਕਿਹਾ ਕਿ ਸਪੈਸ਼ਲ ਬੱਚਿਆਂ ਦੀ ਉਨ੍ਹਾਂ ਦੀ ਜ਼ਿੰਦਗੀ ਦੇ ਅੰਦਰ ਖਾਸ ਅਹਿਮੀਅਤ ਹੈ ਕਿਉਂਕਿ ਇਹ ਬੱਚੇ ਦਿਲ ਦੇ ਪਾਕ-ਸਾਫ ਹੁੰਦੇ ਹਨ


ਸਪੈਸ਼ਲ ਬੱਚਿਆਂ ਨਾਲ ਆਪਣਾ ਜਨਮ ਦਿਨ ਮਨਾਉਦੇ ਹੋਏ ਪਰਮਜੀਤ ਸੱਚਦੇਵਾ ਤੇ ਪਰਿਵਾਰ ਦੇ ਮੈਂਬਰ ।
ਫੋਟੋ ਅਜਮੇਰ ਦੀਵਾਨਾ

ਜੋ ਕਿ ਹਰ ਕਿਸੇ ਦੀ ਸੁੱਖ ਮੰਗਦੇ ਹਨ । ਉਨ੍ਹਾਂ ਕਿਹਾ ਕਿ ਸਪੈਸ਼ਲ ਬੱਚਿਆਂ ਨਾਲ ਜੋ ਸਮਾਂ ਉਹ ਬਿਤਾਉਦੇ ਹਨ ਉਹੀ ਮੇਰੀ ਜ਼ਿੰਦਗੀ ਦੇ ਖਾਸ ਪਲ ਹਨ ਜੋ ਕਿ ਹਮੇਸ਼ਾ ਮੇਰੀ ਯਾਦ ਵਿੱਚ ਬਣੇ ਰਹਿੰਦੇ ਹਨ । ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ ਸਮੇਤ ਦੂਸਰੇ ਸੁਸਾਇਟੀ ਮੈਂਬਰਾਂ ਵੱਲੋਂ ਪਰਮਜੀਤ ਸਿੰਘ ਸੱਚਦੇਵਾ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ । ਇਸ ਮੌਕੇ ਪਰਮਜੀਤ ਸੱਚਦੇਵਾ ਦੇ ਮਾਤਾ ਸ਼੍ਰੀਮਤੀ ਇੰਦਰਜੀਤ ਕੌਰ, ਪੁੱਤਰ ਰਣਵੀਰ ਸਿੰਘ ਸੱਚਦੇਵਾ, ਪੋਤਰੀ ਤਿਆਰਾ ਸੱਚਦੇਵਾ, ਭਰਾ ਕੁਲਵਿੰਦਰ ਸੱਚਦੇਵਾ, ਨੇਹਾ ਸੱਚਦੇਵਾ, ਮਲਕੀਤ ਸਿੰਘ ਮਹੇੜੂ, ਰਾਮ ਆਸਰਾ, ਸੀ.ਏ.ਤਰਨਜੀਤ ਸਿੰਘ, ਵਿਨੋਦ ਭੂਸ਼ਣ ਅਗਰਵਾਲ, ਹਰਮੇਸ਼ ਤਲਵਾੜ, ਪ੍ਰਿੰਸੀਪਲ ਸ਼੍ਰੀਮਤੀ ਸ਼ੈਲੀ ਸ਼ਰਮਾ, ਕੋਰਸ ਕੋਆਰਡੀਨੇਟਰ ਬਰਿੰਦਰ ਕੁਮਾਰ, ਵਾਈਸ ਪ੍ਰਿੰਸੀਪਲ ਇੰਦੂ ਬਾਲਾ ਵੀ ਮੌਜੂਦ ਰਹੇ ।

# ਆਜ਼ਾਦੀ ਘੁਲਾਟੀਆਂ ਨੇ ਤਿਰੰਗੇ ਦੇ ਮਾਣ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ : ਡਾ. ਰਮਨ ਘਈ

## ਭਾਰਤੀ ਤਿਰੰਗੇ ਦਾ ਸਤਿਕਾਰ ਅੱਜ ਵਿਸ਼ਵ ਗੁਰੂ ਵਜੋਂ ਸਥਾਪਿਤ ਹੈ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਯੁਵਾ ਨਾਗਰਿਕ ਪ੍ਰੀਸ਼ਦ ਪੰਜਾਬ ਵੱਲੋਂ ਜ਼ਿਲ੍ਹਾ ਪ੍ਰਧਾਨ ਡਾ. ਪੰਕਜ ਸ਼ਰਮਾ ਦੀ ਪ੍ਰਧਾਨਗੀ ਹੇਠ ਆਜ਼ਾਦੀ ਦਿਵਸ ਮੌਕੇ ਇੱਕ ਵਿਸ਼ਾਲ ਤਿਰੰਗਾ ਯਾਤਰਾ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਭਾਜਪਾ ਆਗੂ ਅਤੇ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਸ਼ਹੀਦੀ ਸਮਾਰਕ 'ਤੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਦੇਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਇਸ ਤਿਰੰਗਾ ਯਾਤਰਾ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਦੇਸ਼ ਦੇ ਕਈ ਆਜ਼ਾਦੀ ਘੁਲਾਟੀਆਂ ਨੇ ਤਿਰੰਗੇ ਦੇ ਮਾਣ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਦੇਸ਼ ਦੇ ਤਿਰੰਗਾ 'ਤੇ ਮਾਣ ਹੈ। ਉਨ੍ਹਾਂ ਕਿਹਾ ਕਿ ਅੱਜ ਭਾਜਪਾ ਵੱਲੋਂ ਪੂਰੇ ਭਾਰਤ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਤਿਰੰਗਾ ਯਾਤਰਾ ਕੱਢੀ ਜਾ ਰਹੀ ਹੈ। ਤਾਂ ਜੋ ਲੋਕਾਂ ਨੂੰ ਇਸ ਤਿਰੰਗਾ ਨੂੰ ਪ੍ਰਾਪਤ ਕਰਨ ਲਈ ਆਜ਼ਾਦੀ ਘੁਲਾਟੀਆਂ ਵੱਲੋਂ ਕੀਤੀਆਂ ਕੁਰਬਾਨੀਆਂ ਬਾਰੇ ਜਾਣਕਾਰੀ ਦਿੱਤੀ ਜਾ ਸਕੇ। ਉਨ੍ਹਾਂ ਹਾਜ਼ਰ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਭਾਰਤੀ ਤਿਰੰਗੇ 'ਤੇ ਮਾਣ ਹੈ ਅਤੇ ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਤਿਰੰਗੇ ਦੇ ਸਨਮਾਨ ਅਤੇ ਸ਼ਾਨ ਲਈ ਹਰ ਕੁਰਬਾਨੀ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਯੂਥ ਸਿਟੀਜ਼ਨ ਕੌਂਸਲ ਵੱਲੋਂ ਆਯੋਜਿਤ



ਵਿਸ਼ਾਲ ਤਿਰੰਗਾ ਯਾਤਰਾ ਦੇ ਮੌਕੇ 'ਤੇ, ਕੌਂਸਲ ਦੇ ਸੂਬਾ ਪ੍ਰਧਾਨ ਡਾ. ਰਮਨ ਘਈ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਪੂਰੀ ਦੁਨੀਆ ਭਾਰਤੀ ਤਿਰੰਗਾ ਨੂੰ ਸਲਾਮ ਕਰਦੀ ਹੈ ਅਤੇ ਪੂਰੀ ਦੁਨੀਆ ਭਾਰਤ ਨੂੰ ਭਾਰਤੀ ਤਿਰੰਗਾ ਦੇ ਨਾਲ-ਨਾਲ ਇੱਕ ਵਿਸ਼ਵ ਗੁਰੂ ਵਜੋਂ ਦੇਖ ਰਹੀ ਹੈ। ਉਨ੍ਹਾਂ ਕਿਹਾ ਕਿ ਤਿਰੰਗਾ ਯਾਤਰਾਵਾਂ ਦਾ ਆਯੋਜਨ ਆਉਣ ਵਾਲੀ ਨੌਜਵਾਨ ਪੀੜ੍ਹੀ ਵਿੱਚ ਦੇਸ਼ ਪ੍ਰਤੀ ਪਿਆਰ ਵਧਾਉਂਦਾ ਹੈ। ਉਨ੍ਹਾਂ ਕਿਹਾ ਕਿ ਕੌਂਸਲ ਦੀ ਇਹ ਤਿਰੰਗਾ ਯਾਤਰਾ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦਾਂ ਅਤੇ ਸੈਨਿਕਾਂ ਨੂੰ ਸਮਰਪਿਤ ਹੈ। ਉਨ੍ਹਾਂ ਸਮੂਹ ਵਰਕਰਾਂ ਦਾ ਇੰਨੇ ਮਾੜੇ ਮੌਸਮ ਵਿੱਚ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਉਨ੍ਹਾਂ ਸਾਰੇ ਵਰਕਰਾਂ ਨੂੰ 15 ਅਗਸਤ ਨੂੰ ਆਪਣੇ-ਆਪਣੇ ਨਿਵਾਸ ਸਥਾਨਾਂ 'ਤੇ ਤਿਰੰਗਾ ਲਹਿਰਾਉਣ ਦਾ ਸੱਦਾ ਦਿੱਤਾ। ਇਸ ਮੌਕੇ ਕੌਂਸਲ ਦੇ ਜ਼ਿਲ੍ਹਾ ਪ੍ਰਧਾਨ ਡਾ. ਪੰਕਜ ਸ਼ਰਮਾ ਨੇ ਦੇਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ ਕੌਂਸਲ ਦਾ ਹਰ ਵਰਕਰ ਦੇਸ਼ ਲਈ ਕੋਈ ਵੀ ਕੁਰਬਾਨੀ ਦੇਣ ਲਈ ਹਮੇਸ਼ਾ ਤਿਆਰ ਰਹਿੰਦਾ ਹੈ। ਉਨ੍ਹਾਂ ਸਮੂਹ ਵਰਕਰਾਂ ਦਾ ਤਿਰੰਗਾ ਯਾਤਰਾ ਵਿੱਚ ਸ਼ਮੂਲੀਅਤ ਕਰਨ ਲਈ ਧੰਨਵਾਦ ਕੀਤਾ ਅਤੇ ਤਿਰੰਗਾ ਯਾਤਰਾ ਦੇ ਅੰਤ ਵਿੱਚ ਸਮੂਹ ਵਰਕਰਾਂ ਨੇ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਸ਼ਹੀਦਾਂ ਨੂੰ ਯਾਦ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਡਾ: ਪੰਕਜ ਸ਼ਰਮਾ, ਮੋਹਿਤ ਸੰਧੂ, ਡਾ: ਰਾਜਕੁਮਾਰ ਸੈਣੀ, ਮਨੋਜ ਸ਼ਰਮਾ, ਰਮਨੀਸ਼ ਘਈ, ਮਨੀ ਕੁਮਾਰ, ਜਸਵੀਰ ਸਿੰਘ, ਪਾਸਟਰ ਵਿੱਕੀ, ਡਾ: ਵਸ਼ਿਸ਼ਟ ਕੁਮਾਰ, ਵਿਕਰਾਂਤ ਸ਼ਰਮਾ, ਰਾਜਾ, ਵਿੱਕੀ ਚੌਹਾਨ, ਰੌਕੀ, ਬਾਦਲ ਸਿੰਘ, ਬਬਲੂ, ਕਰਨ ਸਿੰਘ, ਸੰਜੇ ਕੁਮਾਰ, ਹਰੀਸ਼ ਸ਼ਰਮਾ, ਬੀ.ਸੰਜੂ ਸ਼ਰਮਾ, ਰਾਜਕੁਮਾਰ ਸ਼ਰਮਾ, ਬੀ. ਬਲਵਿੰਦਰ ਬਿੱਟਾ, ਸੋਨੂੰ, ਸੰਜੀਵ ਸ਼ਰਮਾ, ਗਰਵਦੀਪ ਸਿੰਘ ਆਦਿ ਤੋਂ ਇਲਾਵਾ ਸੈਂਕੜੇ ਵਰਕਰ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਲੈਂਡ ਪੋਲਿੰਗ ਨੀਤੀ ਰੱਦ, ਬੀਕੇਯੂ ਦੁਆਬਾ ਬਲਾਕ ਮਹਿਤਪੁਰ ਨੇ ਵੰਡੇ ਲੱਡੂ- ਸੰਘਰਸ਼ ਦੀ ਹੋਈ ਜਿੱਤ - ਕਸ਼ਮੀਰ ਸਿੰਘ ਪੰਨੂ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)**-ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਲੈਂਡ ਪੋਲਿੰਗ ਪੁਲਸੀ ਦੇ ਵਿਰੋਧ ਕਾਰਨ ਭਗਵੰਤ ਮਾਨ ਨੇ ਲਿਆ ਯੂ ਟਰਨ ਲੈਣ ਫਿਰ ਮੰਤਰੀ ਮੰਡਲ ਦੀ ਮੀਟਿੰਗ ਕਰਕੇ ਨੋਟੀਫਿਕੇਸ਼ਨ ਕੀਤਾ ਰੱਦ ਕਰਨ ਅਤੇ ਖੁਦ ਦੀ ਮਸ਼ਹੂਰੀ ਕਰਕੇ 100 ਕਰੋੜ ਦਾ ਨੁਕਸਾਨ ਕਰਨ ਦਾ ਦੋਸ਼ ਲਗਾਉਂਦਿਆਂ ਬੀਕੇਯੂ ਦੁਆਬਾ ਦੇ ਆਗੂ ਕਸ਼ਮੀਰ ਸਿੰਘ ਪੰਨੂ ਨੇ ਕਿਹਾ ਕਿਸਾਨ ਮਜ਼ਦੂਰ ਮੋਰਚੇ ਵਲੋਂ 20 ਅਗਸਤ ਨੂੰ ਵਿਸ਼ਾਲ ਇਕੱਠ ਕੁੱਕੜ ਪਿੰਡ ਵਿੱਚ ਰੱਖਿਆ ਗਿਆ ਜਿਸ ਦੇ ਡਰੋ ਪੰਜਾਬ ਸਰਕਾਰ ਨੇ ਲੈਂਡ ਪੋਲਿੰਗ ਪੁਲਸੀ ਵਾਪਸ ਲਈ ਇਸ ਖੁਸ਼ੀ ਵਿਚ ਅੱਜ ਬੀਕੇਯੂ ਦੁਆਬਾ ਬਲਾਕ ਮਹਿਤਪੁਰ ਵਲੋਂ ਲੱਡੂ ਵੰਡੇ ਜਾ ਰਹੇ ਹਨ ਉਨ੍ਹਾਂ ਕਿਹਾ ਕਿ ਕਿਸਾਨਾਂ ਮਜਦੂਰਾਂ ਦੇ ਚਿਹਰਿਆਂ ਤੇ ਖੁਸ਼ੀ ਹੈ ਯਾਦ ਰਹੇ ਕਿ ਬੀਕੇਯੂ ਦੁਆਬਾ ਵੱਲੋਂ ਪੰਜਾਬ ਵਿੱਚ 11 ਅਗਸਤ ਨੂੰ ਇੱਕ ਵਿਸ਼ਾਲ ਮੋਟਰਸਾਈਕਲ ਮਾਰਚ ਕੱਢਿਆ ਗਿਆ ਸੀ ਜਿਸ ਤਹਿਤ ਦੁਆਬਾ ਬਲਾਕ ਮਹਿਤਪੁਰ ਨੇ ਮਹਿਤਪੁਰ ਤੋਂ ਨਕੋਦਰ ਤੱਕ ਲੰਮਾ ਮੋਟਰਸਾਈਕਲ ਮਾਰਚ ਕੱਢ ਕੇ ਇਤਿਹਾਸ ਸਿਰਜਿਆ ਸੀ ਤੇ ਐਸ ਡੀ ਐਮ ਨਕੋਦਰ ਨੂੰ ਚਿਤਾਵਨੀ ਪੱਤਰ ਸੌਂਪਿਆ ਤੇ ਮੰਗ ਕੀਤੀ ਸੀ ਕਿ ਬੀਕੇਯੂ ਦੁਆਬਾ ਕਿਸਾਨਾਂ ਦੀ ਇਕ ਇੰਚ ਜ਼ਮੀਨ ਨਹੀਂ ਹੜੱਪਣ ਦਵੇਗੀ । ਉਨ੍ਹਾਂ ਕਿਸਾਨ ਵੀਰਾਂ ਨੂੰ ਹਰ



ਕੁਰਬਾਨੀ ਕਰਨ ਲਈ ਵੀ ਪ੍ਰੇਰਕ ਕੀਤਾ ਸੀ। ਪੰਨੂ ਨੇ ਕਿਹਾ ਕਿ ਸੰਘਰਸ਼ ਦੀ ਜਿੱਤ ਹੋਈ ਹੈ ਪੰਜਾਬ ਸਰਕਾਰ ਨੇ ਲੈਂਡ ਪੋਲਿੰਗ ਪੁਲਸੀ ਵਾਪਸ ਲਈ ਹੈ ਤੇ ਖ਼ਬਰ ਮਿਲੀ ਹੈ ਕਿ ਯੂ ਟਰਨ ਸਰਕਾਰ ਵੱਲੋਂ ਨੋਟੀਫਿਕੇਸ਼ਨ ਰੱਦ ਕਰ ਦਿੱਤਾ ਗਿਆ ਹੈ । ਉਨ੍ਹਾਂ ਕਿਹਾ ਕਿ ਜੇਕਰ ਭਵਿੱਖ ਵਿਚ ਸਰਕਾਰ ਵੱਲੋਂ ਲੋਕ ਮਾਰੂ ਨੀਤੀਆ ਲਿਆਉਣ ਦੀ ਕੋਸ਼ਿਸ਼ ਕੀਤੀ ਤਾਂ ਬੀਕੇਯੂ ਦੁਆਬਾ ਡੱਟ ਕੇ ਵਿਰੋਧ ਕਰੇਗੀ । ਉਨ੍ਹਾਂ ਕਿਹਾ ਕਿ ਹੁਣ ਤੱਕ ਦੇ ਕਾਰਜ ਕਾਲ ਦੌਰਾਨ ਪੰਜਾਬ ਸਰਕਾਰ ਲੋਕ ਵਿਰੋਧੀ ਸਾਬਤ ਹੋਈ ਹੈ। ਸਾਡੇ ਕਿਸਾਨਾਂ , ਮਜਦੂਰਾਂ ਦਾਂ ਸ਼ੰਭੂ ਖਨੋਰੀ ਬਾਡਰ ਤੇ ਤਿੰਨ ਕਰੋੜ 77 ਲੱਖ 849 ਰੁਪਏ ਦਾ ਨੁਕਸਾਨ ਹੋਇਆ ਹੈ ਉਸ ਦੀ ਭਰਪਾਈ ਪੰਜਾਬ ਸਰਕਾਰ ਤੋਂ ਕੀਤੀ ਜਾਵੇਗੀ। ਲੈਂਡ ਪੂਲਿਗ ਪਾਲਸੀ ਨੂੰ ਰੱਦ ਕਰਵਾਉਣ ਵਿਚ ਪੰਜਾਬ ਦੀਆਂ ਪੰਚਾਇਤਾਂ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਜਿਨ੍ਹਾਂ ਵੱਲੋਂ ਨਿਰਪੱਖ ਹੋ ਕੇ ਇਸ ਨਾਦਰਸ਼ਾਹੀ ਫੁਰਮਾਨ ਖ਼ਿਲਾਫ਼ ਮਤੇ ਪਾਸ ਕੀਤੇ ਤੇ ਪੰਜਾਬ ਸਰਕਾਰ ਨੂੰ ਲੈਂਡ ਪੂਲਿਗ ਪਾਲਸੀ ਰੱਦ ਕਰਨ ਲਈ ਮਜਬੂਰ ਕਰ ਦਿੱਤਾ। ਇਸ ਮੌਕੇ ਕਸ਼ਮੀਰ ਸਿੰਘ ਪੰਨੂ ਤੰਦਾਉਰਾ , ਨਰਿੰਦਰ ਸਿੰਘ ਉਧੋਵਾਲ, ਬਲਵੀਰ ਸਿੰਘ ਉਧੋਵਾਲ, ਸਤਨਾਮ ਸਿੰਘ ਰਾਮੂਵਾਲ ,ਗੁਰਨਾਮ ਸਿੰਘ, ਭਜਨ ਸਿੰਘ, ਬਲਦੇਵ ਸਿੰਘ, ਗੁਰਮੇਜ ਸਿੰਘ ਉਧੋਵਾਲ ,ਬਲਦੇਵ ਸਿੰਘ, ਹਰਪਾਲ ਸਿੰਘ ਅਕਬਰ ਪੁਰ ਕਲਾ, ਹਰਦਿਆਲ ਸਿੰਘ ਮਹਿਤਪੁਰ, ਗੁਰਦੇਵ ਸਿੰਘ ,ਮਹਿੰਦਰ ਸਿੰਘ ਗੋਬਿੰਦਪੁਰ, ਗੁਰਮੇਲ ਸਿੰਘ ਪਛਾੜੀਆ , ਬਲਵਿੰਦਰ ਸਿੰਘ ਗੋਸੋਵਾਲ, ਮਹੇਸ਼ ਰਾਮੂਵਾਲ ਆਦਿ ਕਿਸਾਨ ਆਗੂ ਹਾਜਰ ਸਨ।

# ਕਲਾ ਉਤਸਵ 2025 ਲੁਧਿਆਣਾ ਨੇ ਸਿਰਜਿਆ ਨਵਾਂ ਇਤਿਹਾਸ

## 432 ਸਕੂਲਾਂ ਦੇ 1400 ਬੱਚਿਆਂ ਨੇ ਕੀਤੀ ਸ਼ਮੂਲੀਅਤ-ਸ਼੍ਰੀਮਤੀ ਡਿੰਪਲ ਮਦਾਨ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸਿੱਖਿਆ ਵਭਾਗ ਵੱਲੋਂ ਲੁਧਿਆਣਾ ਵਿਖੇ ਕਰਵਾਇਆ ਜ਼ਿਲ੍ਹਾ ਪੱਧਰੀ ਕਲਾ ਉਤਸਵ 2025 ਨਵੀਆਂ ਪੈੜਾਂ ਛੱਡਦਾ ਹੋਇਆ ਸੰਪੰਨ ਹੋਇਆ। ਸ਼੍ਰੀਮਤੀ ਡਿੰਪਲ ਮਦਾਨ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਲੁਧਿਆਣਾ ਜੀ ਦੀ ਯੋਗ ਅਗਵਾਈ ਹੇਠ ਆਰ.ਐੱਸ.ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਲਾ ਉਤਸਵ ਕਰਵਾਇਆ ਗਿਆ। ਉਹਨਾਂ ਦੱਸਿਆ ਕਿ ਇਹ ਬਹੁਤ ਮਾਣ ਵਾਲ਼ੀ ਗੱਲ ਹੈ ਕਿ ਕਲਾ ਉਤਸਵ 2025 ਵਿੱਚ ਲੁਧਿਆਣਾ ਜ਼ਿਲ੍ਹੇ ਦੇ 432 ਸਕੂਲਾਂ ਦੇ 1400 ਵਿਦਿਆਰਥੀਆਂ ਨੇ ਸ਼ਮੂਲੀਅਤ ਕਰਕੇ ਨਵਾਂ ਇਤਿਹਾਸ ਸਿਰਜਿਆ। ਉਹਨਾਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਅਤੇ ਸਮਾਰੋਹ ਦੌਰਾਨ ਸ਼ੁਭ ਕਾਮਨਾਵਾਂ ਦਿੰਦਿਆਂ ਕਿਹਾ ਕਿ ਉਹ ਹੋਰ ਮਿਹਨਤ ਕਰਕੇ ਰਾਜ ਪੱਧਰੀ ਅਤੇ ਰਾਸ਼ਟਰੀ ਪੱਧਰੀ ਮੁਕਾਬਲਿਆਂ ਵਿੱਚ ਵੀ ਵੱਡੀਆਂ ਪ੍ਰਾਪਤੀਆਂ ਕਰਨ। ਕਲਾ ਉਤਸਵ 2025 ਦੇ ਨੋਡਲ ਅਫ਼ਸਰ ਪ੍ਰਿੰਸੀਪਲ ਸ਼੍ਰੀਮਤੀ ਵਿਸ਼ਵਕੀਰਤ ਕੌਰ ਕਾਹਲੋਂ ਸਕੂਲ ਆਫ ਐਮੀਨੈਂਸ ਮਾਡਲ ਟਾਊਨ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਦੋ ਦਿਨ 12 ਗਿਆਰਾਂ ਵੰਨਗੀਆਂ ਦੇ ਮੁਕਾਬਲੇ ਕਰਵਾਏ ਗਏ। ਹਰੇਕ ਵੰਨਗੀ ਦੇ ਜੇਤੂ ਇਸ ਪ੍ਰਕਾਰ ਰਹੇ।



ਵੋਕਲ ਮਿਊਜਿਕ ਸੋਲੋ ਮਹਿਤਾਬ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ, ਵੋਕਲ ਮਿਊਜਿਕ ਗਰੁੱਪ ਬੀ.ਸੀ.ਐੱਮ ਆਰੀਆ ਮਾਡਲ ਸਕੂਲ ਨੇ ਪਹਿਲਾ, ਇੰਸਟਰੂਮੈਂਟਲ ਮਿਊਜਿਕ ਪਰਕਸ਼ਨ ਸੋਲੋ ਤਰਨ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ, ਇੰਸਟਰੂਮੈਂਟਲ ਮਿਊਜਿਕ ਮੈਲੋਡਿਕ ਸੋਲੋ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਸਮਿੱਟਰੀ ਰੋਡ, ਇੰਸਟਰੂਮੈਂਟਲ ਮਿਊਜਿਕ ਗਰੁੱਪ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ, ਸੋਲੋ ਡਾਂਸ ਗੌਰੀਜ਼ਾ ਅਰੋੜਾ ਬੀ.ਸੀ.ਐੱਮ ਆਰੀਆ ਮਾਡਲ ਸਕੂਲ, ਗਰੁੱਪ ਡਾਂਸ ਅਤੇ ਥੀਏਟਰ ਗਰੁੱਪ ਬੀ.ਸੀ.ਐੱਮ ਆਰੀਆ ਮਾਡਲ ਸਕੂਲ , ਟਰਾਡੀਸ਼ਨਲ ਸਟੋਰੀ ਟੈਲੰਗ ਕਨਿਸ਼ਕਾ ਕਸ਼ਯਪ ਅਤੇ ਕੁਸ਼ਪ੍ਰੀਤ ਸਰਸਵਤੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ, ਵਿਜ਼ੂਅਲ ਆਰਟਸ 2 ਡੀ ਅਤੇ 3ਡੀ ਬੀ.ਵੀ ਐੱਮ ਸੀਨੀਅਰ ਸੈਕੰਡਰੀ ਸਕੂਲ ਊਧਮ ਸਿੰਘ ਨਗਰ, ਵਿਜ਼ੂਅਲ ਆਰਟ ਗਰੁੱਪ ਬੀ.ਵੀ.ਐੱਮ ਸਕੂਲ ਊਧਮ ਸਿੰਘ ਨਗਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ । ਇਨ੍ਹਾਂ ਮੁਕਾਬਲਿਆਂ ਦੀ ਜੱਜਮੈਂਟ ਅਸਿਸਟੈਂਟ ਪ੍ਰੋਫੈਸਰ ਦਮਨਦੀਪ ਕੌਰ , ਸਾਬਕਾ ਡੀਨ ਸੰਗੀਤ ਵਿਭਾਗ ਸ਼੍ਰੀਮਤੀ ਨਾਜਮਾ ਬਾਲੀ, ਅਸਿਸਟੈਂਟ ਪ੍ਰੋਫੈਸਰ ਸਰਬਜੀਤ ਕੌਰ, ਅਸਿਸਟੈਂਟ ਪ੍ਰੋਫ਼ੈਸਰ ਰਾਮਾ ਕਾਲ਼ੇ ਰਾਮ , ਡਾ: ਤਰਨਜੀਤ ਸਿੰਘ ਮਿਊਜਿਕ ਟੀਚਰ, ਅਸਿਸਟੈਂਟ ਪ੍ਰੋਫ਼ੈਸਰ ਡਾ: ਸਵਰਨਜੀਤ ਕੌਰ, ਅਸਿਸਟੈਂਟ ਪ੍ਰੋਫ਼ੈਸਰ ਮਿਸ ਸੰਦੀਪ ਕੌਰ, ਅਸਿਸਟੈਂਟ ਪ੍ਰੋਫ਼ੈਸਰ ਸ਼੍ਰੀ ਸਰਸਵਤਸ ਕੁਮਾਰ, ਅਸਿਸਟੈਂਟ ਪ੍ਰੋਫ਼ੈਸਰ ਸ਼ੋਭਾ ਸ਼ਰਮਾ, ਸ਼੍ਰੀਮਤੀ ਸ਼ੁਭਜੀਤ ਕੌਰ ਅੰਤਰਰਾਸ਼ਟਰੀ ਕਲਾਕਾਰ, ਅਸਿਸਟੈਂਟ ਪ੍ਰੋਫੈਸਰ ਸ਼੍ਰੀਮਤੀ ਰੇਨੂੰ ਸ਼ਰਮਾ, ਪ੍ਰੋਫ਼ੈਸਰ ਪਰਮਜੀਤ ਸਿੰਘ, ਸ਼੍ਰੀ ਹਰਕੇਸ਼ ਚੌਧਰੀ, ਸ਼੍ਰੀ ਰਾਜਿੰਦਰ ਰਾਜ ਐਕਟਰ ਤੇ ਡਾਇਰੈਕਟਰ, ਡਾ: ਬਲਰਾਮ ਸ਼ਰਮਾ (ਨੈਸ਼ਨਲ ਅਵਾਰਡੀ) ਸ੍ਰ: ਸ਼ਮਸ਼ੇਰ ਨੂਰਪੁਰੀ, ਸ਼੍ਰੀ ਲਵਦੀਪ ਸਿੰਘ ਹੈੱਡ ਮਾਸਟਰ, ਸ਼੍ਰੀਮਤੀ ਸੋਨਜੀਤ ਕੌਰ, ਲੈਕਚਰਾਰ ਗੋਪਾਲ ਸਿੰਘ ਨੇ ਨਿਭਾਈਆਂ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਕਰਮਜੀਤ ਸਿੰਘ ਗਰੇਵਾਲ (ਨੈਸ਼ਨਲ ਅਵਾਰਡੀ) ਨੇ ਬਾਖ਼ੂਬੀ ਨਿਭਾਈ। ਸਾਰੇ ਹਿੱਸਾ ਲੈਣ ਵਾਲ਼ੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ। ਆਰ.ਐੱਸ.ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਸ਼ੁਭਲਤਾ ਨੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਭਵਿੱਖ ਵਿੱਚ ਹੋਰ ਪ੍ਰਾਪਤੀਆਂ ਕਰਨ ਦਾ ਸੁਨੇਹਾ ਦਿੱਤਾ। ਇਨ੍ਹਾਂ ਮੁਕਾਬਲਿਆਂ ਦੌਰਾਨ ਨੋਡਲ ਅਫ਼ਸਰ ਸਕੂਲ ਆਫ ਐਮੀਨੈਂਸ ਦੇ ਪ੍ਰਿੰਸੀਪਲ ਸ਼੍ਰੀਮਤੀ ਵਿਸ਼ਵਕੀਰਤ ਕੌਰ ਕਾਹਲੋਂ ਮੁੱਖ ਪ੍ਰਬੰਧਕ ਵਜੋਂ ਸ਼੍ਰੀਮਤੀ ਕੰਵਲਜੋਤ ਕੌਰ ਪ੍ਰਿੰਸੀਪਲ ਸਸਸਸ ਅਯਾਲੀ ਖ਼ੁਰਦ ਅਤੇ ਸ਼੍ਰੀਮਤੀ ਸੁਰਚਨਾ ਪੰਧੇਰ, ਸ਼੍ਰੀਮਤੀ ਸੁਪਰਜੀਤ ਕੌਰ, ਸ਼੍ਰੀ ਦਲੀਪ ਕੰਬੋਜ਼, ਸ਼੍ਰੀਮਤੀ ਜਸਵਿੰਦਰ ਕੌਰ ਆਦਿ ਨੇ ਕਲਾ ਉਤਸਵ 2025 ਦੀ ਸਫ਼ਲਤਾ ਲਈ ਪੂਰੀ ਤਨਦੇਹੀ ਨਾਲ਼ ਜ਼ਿੰਮੇਵਾਰੀ ਨਿਭਾਈ।

# ਢਾਹਾਂ ਕਲੇਰਾਂ ਵਿਖੇ ਗੁਰੂ ਬਹਾਦਰ ਜੀ ਦੇ 350ਵੇਂ ਸ਼ਤਾਬਦੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ

**ਬੰਗਾ (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਹਨਾਂ ਦੇ ਅਨਿੰਨ ਸੇਵਕਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਧਰਮ ਪ੍ਰਚਾਰ ਕਮੇਟੀ ਸ੍ਰੀ ਅਮ੍ਰਿੰਤਸਰ ਸਾਹਿਬ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ । ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਜੇ ਦੀਵਾਨ ਵਿਚ ਭਾਈ ਗਗਨਦੀਪ ਸਿੰਘ ਕੀਰਤਨੀ ਜਥਾ ਧਰਮ ਪ੍ਰਚਾਰ ਕਮੇਟੀ ਅਤੇ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੇ ਵਿਦਿਆਰਥੀਆਂ ਵੱਲੋਂ ਰਸ ਭਿੰਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ । ਸਮਾਗਮ ਦੌਰਾਨ ਕਥਾਵਾਚਕ ਗਿਆਨੀ ਅੰਮ੍ਰਿਤਪਾਲ ਸਿੰਘ ਸਰਲੀ ਧਰਮ ਪ੍ਰਚਾਰ ਕਮੇਟੀ ਨੇ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਉਹਨਾਂ ਦੇ ਪਰਿਵਾਰ, ਗੁਰ ਇਤਿਹਾਸ ਅਤੇ ਹਿੰਦੂ ਧਰਮ ਦੀ



**ਢਾਹਾਂ ਕਲੇਰਾਂ ਵਿਖੇ ਹੋਏ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਦੀਆਂ ਤਸਵੀਰਾਂ।**

ਰੱਖਿਆ ਲਈ ਕੀਤੀ ਲਾਸਾਨੀ ਸ਼ਹਾਦਤ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ । ਉਹਨਾਂ ਕਿਹਾ ਕਿ ਗੁਰੂ ਜੀ ਦੀ ਸ਼ਹਾਦਤ ਪੂਰੀ ਮਨੁੱਖਤਾ ਲਈ ਪ੍ਰੇਰਣਾ ਸਰੋਤ ਹੈ । ਉਹਨਾਂ ਜਾਣਕਾਰੀ ਦਿੰਦੇ ਦੱਸਿਆ ਕਿ ਧਰਮ ਪ੍ਰਚਾਰ ਕਮੇਟੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਵੰਬਰ 2025 ਵਿਚ ਹੋ ਰਹੇ ਕੌਮੀ ਸ਼ਹੀਦੀ ਸ਼ਤਾਬਦੀ ਸਮਾਗਮ ਦੇ ਸਬੰਧ ਵਿੱਚ ਸੰਗਤਾਂ ਨੂੰ ਜਾਗਰੁਕ ਕਰਨ ਹਿੱਤ ਧਰਮ ਪ੍ਰਚਾਰ ਦੀ ਲਹਿਰ ਚਲਾਈ ਜਾ ਰਹੀ ਹੈ । ਇਸ ਮੌਕੇ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹਿੰਦੂ ਧਰਮ ਦੀ ਰੱਖਿਆ ਖਾਤਰ ਆਪਣੇ ਗੁਰਸਿੱਖਾਂ ਨਾਲ ਆਪਣੇ ਸੀਸ ਦਾ ਜੋ ਬਲੀਦਾਨ ਦਿੱਤਾ, ਉਹ ਸਮੁੱਚੀ ਦੁਨੀਆਂ ਲਈ ਸ਼ਹਾਦਤ ਦੀ ਇੱਕ ਨਿਵੇਕਲੀ ਅਤੇ ਅਦੁੱਤੀ ਮਿਸਾਲ ਹੈ । ਉਹਨਾਂ ਨੇ ਧਰਮ ਪ੍ਰਚਾਰ ਕਮੇਟੀ ਅਤੇ ਸਮੂਹ ਸੰਗਤਾਂ ਦਾ ਗੁਰਮਤਿ ਸਮਾਗਮ ਲਈ ਸਹਿਯੋਗ ਦੇਣ ਲਈ ਹਾਰਦਿਕ ਧੰਨਵਾਦ ਕੀਤਾ । ਇਸ ਮੌਕੇ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ । ਢਾਹਾਂ ਕਲੇਰਾਂ ਵਿਖੇ ਹੋਏ ਇਸ ਗੁਰਮਤਿ ਸਮਾਗਮ ਵਿਚ ਰਾਜਦੀਪ ਥਿਦਵਾਰ ਵਾਈਸ ਪ੍ਰਿੰਸੀਪਲ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ, ਨਰਿੰਦਰ ਸਿੰਘ ਢਾਹਾਂ, ਮੈਡਮ ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਮੈਡਮ ਸੀਮਾ ਪੂੰਨੀ, ਰਣਜੀਤ ਸਿੰਘ ਮਾਨ, ਗੁਰਮੁੱਖ ਸਿੰਘ ਮੱਲੂਪੋਤਾ, ਡੋਗਰ ਰਾਮ ਮਜਾਰੀ, ਸੁਖਪ੍ਰੀਤ ਸਿੰਘ ਚਾਹਲ ਵੱਖ ਵੱਖ ਅਦਾਰਿਆਂ ਦਾ ਸਟਾਫ਼, ਵਿਦਿਆਰਥੀ ਅਤੇ ਇਲਾਕਾ ਨਿਵਾਸੀ ਸੰਗਤਾਂ ਹਾਜ਼ਰ ਸਨ ।

# ਲੈਂਡ ਪੂਲਿੰਗ ਬਿੱਲ ਵਾਪਿਸ ਲੈਣਾ ਸਰਕਾਰ ਦਾ ਇੱਕ ਸ਼ਲਾਘਾਯੋਗ ਕਦਮ-ਰਜਿੰਦਰ ਸਿੰਘ, ਭਾਰਦਵਾਜ ਤੇ ਗਰੇਵਾਲ

**ਫਿਲੌਰ/ਅੱਪਰਾ (ਦੀਪਾ)-** ਪੰਜਾਬ ਦੀ ਆਪ ਸਰਕਾਰ ਵਲੋਂ ਲਾਗੂ ਕੀਤਾ ਗਿਆ ਲੈਂਡ ਪੂਲਿਗ ਬਿੱਲ ਨੂੰ ਵਾਪਿਸ ਲੈਣਾ ਇੱਕ ਸ਼ਲਾਘਾਯੋਗ ਕਦਮ ਹੈ । ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪ੍ਰਧਾਨ ਰਜਿੰਦਰ ਸਿੰਘ ਰਿਟਾਇਰਡ ਕਾਨੂੰਨਗੋ ਮੁਕੰਦਪੁਰ, ਸਮਾਜ ਸੇਵਕ ਵਿਨੋਦ ਭਾਰਦਵਾਜ ਮੋਂਰੋਂ ਤੇ ਯੂਥ ਭਾਕਿਯੂ ਆਗੂ ਗੁਰਤੇਜ ਸਿੰਘ ਗਰੇਵਾਲ ਨੇ ਕਿਹਾ ਕਿ ਜਿੱਥੇ ਪਹਿਲਾਂ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਤਿੰਨ ਖੇਤੀ ਕਾਨੂੰਨਾਂ ਨੂੰ ਧੱਕ ਦੇ ਨਾਲ ਲਾਗੂ ਕਰਨ ਦੀ ਕੋਸ਼ਿਸ ਕੀਤੀ ਸੀ, ਪਰੰਤੂ ਉਹ ਫੇਲ ਹੋ ਗਈ । ਇਸੇ ਤਰਾਂ ਹੀ ਪੰਜਾਬ 'ਚ ਆਪ ਸਰਕਾਰ ਕਰ ਰਹੀ ਹੈ । ਉਨਾਂ ਅੱਗੇ ਕਿਹਾ ਕਿ ਕਿਸਾਨੀ ਪੂਰੇ ਭਾਰਤ



ਦੀ ਆਰਥਿਕਤਾ ਦੀ ਰੀੜ ਦੀ ਹੱਡੀ ਹੈ । ਲੈਂਡ ਪੁਲਿਸ ਬਿੱਲ



ਵਿਨੋਦ ਭਾਰਦਵਾਜ ਮੋਰੋਂ

ਲਾਗੂ ਕਰਕੇ ਉਨਾਂ ਦੀਆਂ ਜ਼ਮੀਨਾਂ



ਨੂੰ ਦੱਕੇ ਨਾਲ ਖੋਹ ਕੇ ਕਲੋਨੀਆਂ ਉਸਾਰਨਾ ਸਰਾਸਰ ਗਲਤ ਹੈ । ਇਸ ਲਈ ਇਸ ਨੂੰ ਤਬਾਹ ਕਰਨਾ ਦੇਸ਼ ਨੂੰ ਤਬਾਹ ਕਰਨ ਦੇ ਬਰਾਬਰ ਹੈ । ਪ੍ਰਧਾਨ ਰਜਿੰਦਰ ਸਿੰਘ ਰਿਟਾਇਰਡ ਕਾਨੂੰਨਗੋ ਮੁਕੰਦਪੁਰ, ਸਮਾਜ ਸੇਵਕ ਵਿਨੋਦ ਭਾਰਦਵਾਜ ਮੋਂਰੋਂ ਤੇ ਯੂਥ ਭਾਕਿਯੂ ਆਗੂ ਗੁਰਤੇਜ ਸਿੰਘ ਗਰੇਵਾਲ ਨੇ ਅੱਗੇ ਕਿਹਾ ਕਿ ਸਰਕਾਰ ਨੇ ਉਕਤ ਬਿੱਲ ਨੂੰ ਵਾਪਿਸ ਲੈ ਕੇ ਸ਼ਲਾਘਾਯੋਗ ਕਾਰਜ ਕੀਤਾ ਹੈ ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).



MANJEET SINGH KHANBA
Award Winner 1999, 2001 & 2005
(2 Awards) BSYA

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਡਿਪ੍ਰੈਸ਼ਨ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... £120

2) ਮਾਨਸਿਕ ਸ਼ਕਤੀ ਲਈ: (NERVE TONIC) ... £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... £35
2) ... £35
3) ... (HEALTHY SPERMS) ... £40
4) ... £35
5) ... £35
6) ... £30
7) ... £25
8) ... £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), (VARICOCELE) ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੌਂਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.), (A.P.) AND (NUTRI.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION ... 1 ਮਹੀਨੇ ਦੀ ਕੀਮਤ

- ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
- ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
- ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
- ਨੁਸਖਾ ਨੰਬਰ 4 (IN CAPSULES) ... FLAT ਅਤੇ TONED ... £69
- ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
- ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... VAGINAL LUBRICATION GEL (MAGIC) — £49
- ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
- ਨੁਸਖਾ ਨੰਬਰ 8 (IN CAPSULES) ... £59
- ਨੁਸਖਾ ਨੰਬਰ 9 (IN CAPSULES) ... £59
- ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP ... £59
- ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

- ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
- ਨੁਸਖਾ ਨੰਬਰ 13 (IN VIALS) ... £89
- ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy) ...

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

- PILAES (IN OINTMENT) ... £19
- NURALACO (IN OINTMENT OR LOTION) ... £19
- CHILLAGA (IN OINTMENT OR LOTION) ... £19
- ARNSTRA (IN OINTMENT) ... (BED SORES) ... £19
- BELINFLA (IN OIL OR OINTMENT) ... £19
- BELULCE (IN OIL) ... ULCERS ... £19
- BRYJOIN (IN OIL) ... £19
- CALWOUN (IN OIL OR OINTMENT) ... £19
- BURCAN (IN LOTION OR OINTMENT) ... £19
- ROUTUM (IN OINTMENT) ... £19
- JOINRHU (IN OIL) ... £19
- ABSSIL (IN LOTION) ... £19
- ITCSUL (IN OIL) ... £19
- WARTHU (IN OIL) ... (WARTS) ... £19

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

## 'ਪੰਜਾਬ ਸੰਭਾਲੋ ਮੁਹਿੰਮ' ਨੂੰ ਸਫਲ ਬਣਾਉਣ ਲਈ ਖੁਸ਼ੀ ਰਾਮ ਜਿਲਾ ਪ੍ਰਭਾਰੀ ਇੰਚਾਰਜ ਵਿਧਾਨ ਸਭਾ ਹਲਕਾ ਫਿਲੌਰ ਅਗਵਾਈ ਹੇਠ ਮੀਟਿੰਗਾਂ ਦਾ ਦੌਰ ਜਾਰੀ



**ਫਿਲੌਰ/ਅੱਪਰਾ (ਦੀਪਾ)–** ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ 'ਪੰਜਾਬ ਸੰਭਾਲੋ ਮੁਹਿੰਮ' ਨੂੰ ਸਫਲ ਬਣਾਉਣ ਲਈ* ਖੁਸ਼ੀ ਰਾਮ ਜਿਲਾ ਪ੍ਰਭਾਰੀ ਇੰਚਾਰਜ ਵਿਧਾਨ ਸਭਾ ਹਲਕਾ ਫਿਲੌਰ ਅਗਵਾਈ ਹੇਠ ਮੀਟਿੰਗਾਂ ਦਾ ਦੌਰ ਜਾਰੀ ਜਾਰੀ ਹੈ । ਇਸ ਮੌਕੇ ਸੈਕਟਰ ਲਸਾੜਾ ਦੇ ਪਿੰਡਾਂ ਸੇਲਕੀਆਣਾ, ਅਸ਼ਾਹੂਰ, ਸੋਡੋਂ, ਪੁਆਰੀ ਤੇ ਹੋਰ ਪਿੰਡਾਂ ਵਿਖੇ ਮੀਟਿੰਗਾਂ ਕੀਤੀਆਂ ਗਈਆਂ । ਇਸ ਮੌਕੇ ਬੋਲਦਿਆਂ ਖੁਸ਼ੀ ਰਾਮ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਮਾੜੀਆਂ ਤੇ ਰਜਵਾੜਸ਼ਾਹੀ ਨੀਤੀਆਂ ਤੋਂ ਲੋਕ ਬੁਰੀ ਤਰਾਂ ਅੱਕ ਤੇ ਥੱਕ ਚੁੱਕੇ ਹਨ । ਇਸ ਸਰਕਾਰ ਦੇ ਸਮੇਂ ਨਸ਼ਾ ਬਹੁਤ ਵੱਧ ਗਿਆ ਹੈ ਤੇ ਆਪਣੀ ਚਰਮ ਸੀਮਾ ਤੇ ਹੈ । ਹੁਣ ਤਾਂ ਨਸ਼ੇ ਦੀ ਹੋਮ ਡਲਿਵਰੀ ਵੀ ਹੋਣ ਲੱਗ ਪਈ ਹੈ । ਇਸੇ ਤਰਾਂ ਲੈਂਡ ਪੁਲਿਗ ਬਿੱਲ ਨੂੰ ਵੀ ਪੰਜਾਬ ਵਾਸੀਆਂ ਨੇ ਨਕਾਰ ਦਿੱਤਾ ਹੈ ਤੇ ਸਰਕਾਰ ਨੂੰ ਨਾਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਸਮਾਰਟ ਸਕੂਲਾਂ ਦੇ ਨਾਂ ਤੇ ਆਮ ਲੋਕਾਂ ਨੂੰ ਹਨੇਰੇ 'ਚ ਰੱਖਿਆ ਜਾ ਰਿਹਾ ਹੈ ਜਦਕਿ ਸਰਕਾਰੀ ਸਕੂਲ ਅਧਿਆਪਕਾਂ ਤੋਂ ਵਾਂਝੇ ਹਨ । ਜਿਸ ਕਾਰਣ ਸਰਕਾਰ ਨੌਜਵਾਨਾਂ ਦੇ ਭਵਿੱਖ ਨਾਲ ਖੇਡ ਰਹੀ ਹੈ । ਉਨਾਂ ਅੱਗੇ ਕਿਹਾ ਪੰਜਾਬ ਵਾਸੀਆਂ ਦਾ ਝੁਕਾਅ ਬਸਪਾ ਵੱਲ ਹੈ, ਕਿਉਂਕਿ ਬਸਪਾ ਹੀ ਸਾਰੇ ਵਰਗਾਂ ਦੇ ਹਿੱਤਾਂ ਦੇ ਲਈ ਕੰਮ ਕਰਨ ਵਾਲੀ ਸਰਬ ਸਾਂਝੀ ਪਾਰਟੀ ਹੈ ।

## 23 ਅਗਸਤ 2025 ਨੂੰ ਲੋਕਾਂ ਨੂੰ ਲਾਮਬੰਦ ਕਰਕੇ ਚੱਬੇਵਾਲ ਲੈਕੇ ਜਾਵਾਂਗੇ : ਐਡਵੋਕੇਟ ਮਲਵਿੰਦਰ ਮਾਨਾ





**ਚੱਬੇਵਾਲ (ਚਰਨਜੀਤ ਸੱਲ੍ਹਾਂ )** ਮਿਤੀ 13.08.2025 ਨੂੰ ਘਰ ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਪਿੰਡ ਜੈਤਪੁਰ ਅਤੇ ਬੱਸੀ ਦੌਲਤ ਖਾਂ ਵਿਖ਼ੇ ਮੀਟਿੰਗਾ ਕੀਤੀਆਂ ਗਈਆਂ, ਇਨ੍ਹਾਂ ਮੀਟਿੰਗਾਂ ਵਿਚ ਸਤਿਕਾਰ ਯੋਗ ਐਡਵੋਕੇਟ ਪਲਵਿੰਦਰ ਮਾਨਾ ਜਿਲ੍ਹਾ ਇੰਚਾਰਜ ਅਤੇ ਇੰਚਾਰਜ ਹਲਕਾ ਚੱਬੇਵਾਲ ਜੀ ਵਿਸ਼ੇਸ਼ ਤੋਰ ਤੇ ਪੁਹੰਚੇ । ਇਸ ਮੀਟਿੰਗ ਵਿੱਚ " ਪੰਜਾਬ ਸੰਭਾਲੋ ਮੁਹਿੰਮ " ਤਹਿਤ ਜੋ ਰੈਲੀ ਹਲਕਾ ਚੱਬੇਵਾਲ ਵਿਖੇ ਮਿਤੀ 23 ਅਗਸਤ ਨੂੰ ਰੱਖੀ ਗਈ ਹੈ ਉਸ ਦੇ ਸੰਬੰਧ ਵਿੱਚ ਚਰਚਾ ਹੋਈ ਅਤੇ ਆਗੂ ਸਹਿਬਾਨਾ ਨੂੰ ਅਤੇ ਵਰਕਰ ਸਹਿਬਾਨਾਂ ਨੂੰ ਲਾਮਬੰਦ ਕੀਤਾ ਤੇ ਪਿੰਡਾਂ ਵਿੱਚੋ ਬੱਡੀਆਂ ਗੱਡੀਆਂ ਦਾ ਪਰਵੰਦ ਕਰਕੇ ਰੈਲ਼ੀ ਵਿਚ ਪੁਹੰਚਣ ਦੀ ਅਪੀਲ ਕੀਤੀ । ਇਹ ਰੈਲ਼ੀ ਹਲਕਾ ਚੱਬੇਵਾਲ ਦੇ ਪਿੰਡਾਂ ਵਿਚ ਸਰਕਾਰ ਦਵਾਰਾ ਦਲਿਤਾਂ ਅਤੇ ਪੱਛੜਿਆ ਤੇ ਹੋ ਰਹੇ ਜਬਰ ਜ਼ੁਲਮ ਤੇ ਅਤਿਆਚਾਰ ਦੇ ਵਿਰੋਧ ਵਿਚ ਰੱਖੀ ਹੈ । ਇਸ ਦੌਰਾਨ ਰਾਕੇਸ਼ ਕਿੱਟੀ ਜੀ ਜਿਲ੍ਹਾ ਸਕੱਤਰ, ਪ੍ਰੇਮ ਸਿੰਘ ਖਾਲਸਾ ਜੀ, ਵਿੱਕੀ ਬੰਗਾ BVF, ਅਮਨਦੀਪ ਸਿੱਧੂ ਜੀ, ਬਲਵੰਤ ਸਹਿਗਲ, ਮੋਹਨ ਸਿੰਘ ਤੇ ਜੋਗਿੰਦਰ ਕੌਰ ਸਮਿਤੀ ਮੇਂਬਰ, ਸਰਪੰਚ ਸਾਹਿਬਾ, ਦਲਜੀਤ, ਅਮਨਦੀਪ ਸਿੰਘ, ਬਲਵਿੰਦਰ ਸਿੰਘ, ਮੰਗਲ ਨਾਥ ਜੀ, ਰਾਜੇਸ਼ ਭੂੰਨੋ ਹਲਕਾ ਖਜਾਨਚੀ, ਜਗਦੀਪ, ਬੂਟਾ ਰਾਮ ਜੀ ਹਾਜ਼ਰ ਸਨ।

## ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਦੀ ਪੁਲਿਸ ਲਾਈਨ ਗਰਾਊਂਡ 'ਚ ਹੋਈ ਫੁੱਲ ਡਰੈੱਸ ਰਿਹਰਸਲ

### ਆਜ਼ਾਦੀ ਦਿਵਸ ਮੌਕੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਲਹਿਰਾਉਣਗੇ ਰਾਸ਼ਟਰੀ ਝੰਡਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਆਜ਼ਾਦੀ ਦਿਵਸ ਮੌਕੇ 15 ਅਗਸਤ ਨੂੰ ਸਥਾਨਕ ਪੁਲਿਸ ਲਾਈਨ ਗਰਾਊਂਡ ਵਿਖੇ ਹੋਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਕੈਬਨਿਟ ਮੰਤਰੀ ਮੋਹਿੰਦਰ ਭਗਤ ਰਾਸ਼ਟਰੀ ਝੰਡਾ ਲਹਿਰਾਉਣਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਜ਼ਿਲ੍ਹਾ ਪੱਧਰੀ ਸਮਾਗਮ ਨਾਲ ਸਬੰਧਤ ਫੁੱਲ ਡਰੈੱਸ ਰਿਹਰਸਲ ਦਾ ਜਾਇਜ਼ਾ ਲੈਣ ਉਪਰੰਤ ਦਿੱਤੀ। ਇਸ ਦੌਰਾਨ ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਵੀ ਉਨ੍ਹਾਂ ਨਾਲ ਮੌਜੂਦ ਸਨ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਦੀ ਫੁੱਲ ਡਰੈੱਸ ਰਿਹਰਸਲ ਦੌਰਾਨ ਰਾਸ਼ਟਰੀ ਝੰਡਾ ਲਹਿਰਾਉਣ ਤੋਂ ਬਾਅਦ ਜਿਥੇ ਪਰੇਡ ਦਾ ਨਿਰੀਖਣ ਕੀਤਾ, ਉਥੇ ਪਰੇਡ ਕਮਾਂਡਰ ਡੀ.ਐਸ.ਪੀ ਮਨਪ੍ਰੀਤ ਕੌਰ ਸ਼ੀਮਾਰ ਦੀ ਅਗਵਾਈ ਹੇਠ ਜ਼ਿਲ੍ਹਾ ਪੁਲਿਸ, ਜ਼ਿਲ੍ਹਾ ਮਹਿਲਾ ਪੁਲਿਸ, ਪੰਜਾਬ ਹੋਮਗਾਰਡਜ਼, 12 ਪੰਜਾਬ ਬਟਾਲੀਅਨ ਐਨਸੀਸੀ, ਸਕਾਊਟਸ, ਗਰਲ ਗਾਈਡਜ਼ ਅਤੇ ਪੀ.ਆਰ.ਟੀ.ਸੀ ਜਹਾਨਖੇਲਾਂ ਦੇ ਬੈਂਡ ਦੀਆਂ ਟੁਕੜੀਆਂ ਨੇ ਸਲਾਮੀ ਦਿੱਤੀ। ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਮਾਸ ਪੀ.ਟੀ ਸ਼ੋਅ, ਦੇਸ਼ ਭਗਤੀ 'ਤੇ ਆਧਾਰਿਤ ਸੱਭਿਆਚਾਰਕ ਪ੍ਰੋਗਰਾਮ ਅਤੇ ਗਿੱਧੇ-ਭੰਗੜੇ ਦੀ ਸ਼ਾਨਦਾਰ ਪੇਸ਼ਕਾਰੀ ਦਿੱਤੀ। ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਦੇਸ਼ ਭਗਤੀ ਦੀ ਭਾਵਨਾ ਉਮੜ ਰਹੀ ਸੀ, ਜਿਸ ਦੀ ਭਰਪੂਰ ਸ਼ਲਾਘਾ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਆਜ਼ਾਦੀ ਦਿਵਸ ਸਮਾਗਮ ਦੌਰਾਨ ਮੁੱਖ ਮਹਿਮਾਨ ਕੈਬਨਿਟ ਮੰਤਰੀ ਮੋਹਿੰਦਰ ਭਗਤ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ, ਸ਼ਹੀਦਾਂ ਦੇ ਪਰਿਵਾਰਾਂ, ਵੱਖ-ਵੱਖ ਵਿਭਾਗਾਂ ਵਿਚ ਸ਼ਲਾਘਾਯੋਗ ਸੇਵਾਵਾਂ ਦੇਣ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਅਤੇ ਸਮਾਜਿਕ ਕਾਰਜਾਂ ਆਦਿ ਵਿਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਤੇ ਸ਼ਖਸੀਅਤਾਂ ਨੂੰ ਸਨਮਾਨਿਤ ਵੀ ਕਰਨਗੇ। ਫੁੱਲ ਡਰੈੱਸ ਰਿਹਰਸਲ ਤੋਂ ਬਾਅਦ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਸਾਰਿਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਉਣ ਦੇ ਨਿਰਦੇਸ਼ ਦਿੱਤੇ। ਆਸ਼ਿਕਾ ਜੈਨ ਨੇ ਜ਼ਿਲ੍ਹਾ ਵਾਸੀਆਂ ਨੂੰ ਪੂਰੇ ਉਤਸ਼ਾਹ ਨਾਲ ਵਧ-ਚੜ੍ਹ ਕੇ ਆਜ਼ਾਦੀ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ ਵਿਚ ਆਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਸਾਡੇ ਦੇਸ਼ ਦੀ ਆਜ਼ਾਦੀ ਦੇ 78 ਸਾਲ ਪੂਰੇ ਹੋ ਚੁੱਕੇ ਹਨ।

# ਔਰਤਾਂ ਦੇ ਰੋਗਾਂ ਦੀਆਂ ਬਿਮਾਰੀਆਂ ਦੇ ਕੈਂਪ ਦਾ ਉਦਘਾਟਨ ਕੁਲਜੀਤ ਸਰਹਾਲ ਅਤੇ ਹਰਜੋਤ ਲੋਹਟੀਆ ਨੇ ਕੀਤਾ

### ਇਹ ਕੈਂਪ ਸ੍ਰੀ ਗੁਰੂ ਰਵਿਦਾਸ ਚੈਰੀਟੇਬਲ ਹਸਪਤਾਲ ਥਾਦੀਆਂ ਵਿਖੇ ਲਗਾਇਆ ਜਾਵੇਗਾ





**ਬੰਗਾ (ਚਰਨਜੀਤ ਸੱਲ੍ਹਾਂ )** ਅੱਜ ਸ਼੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਥਾਂਦੀਆ ਵੱਲੋਂ ਡਾਕਟਰ ਰੀਤਿਕਾ ਐਮਡੀ ਗਾਇਨੀ ਡਿਪਾਰਟਮੈਂਟ ਅਤੇ ਟਰੱਸਟ ਦੇ ਮੈਨੇਜਰ ਸ਼੍ਰੀ ਲਲਿਤ ਮਹਾਜਨ ਜੀ ਦੀ ਅਗਵਾਈ ਹੇਠ ਔਰਤਾਂ ਦੀਆਂ ਬਿਮਾਰੀਆਂ ਨਾਲ ਸੰਬੰਧਿਤ ਫਰੀ ਮੈਗਾ ਚੈਕਅਪ ਕੈਂਪ ਲਗਾਇਆ ਗਿਆ। ਜਿਸ ਵਿੱਚ ਔਰਤਾਂ ਨਾਲ ਸੰਬੰਧਿਤ ਹਰ ਤਰ੍ਹਾਂ ਦੀਆਂ ਬਿਮਾਰੀਆਂ ਜਿਵੇਂ ਕਿ ਪ੍ਰਸੂਤਾ ਜਾਂਚ ,ਨਾਰਮਲ ਡਿਲੀਵਰੀ ,ਸਿਜ਼ੇਰੀਅਨ, ਬੱਚੇਦਾਨੀ ਤੇ ਅੰਡੇ ਦਾਨੀ ਦੀਆਂ ਰਸੋਲੀਆਂ ਦੇ ਆਪਰੇਸ਼ਨ ,ਬਾਂਝਪਨ ਦਾ ਇਲਾਜ, ਪਰਿਵਾਰ ਨਿਯੋਜਨ ,ਸਰਵਾਈਕਲ ਕੈਂਸਰ ,ਬਾਰ ਬਾਰ ਗਰਭਪਾਤ ਹੋਣਾ ਆਦਿ ਬਿਮਾਰੀਆਂ ਦਾ ਇਲਾਜ ।ਇਸ ਹਸਪਤਾਲ ਵਿੱਚ ਸ਼ੁਰੂ ਕੀਤਾ ਗਿਆ ਹੈ ਇਸ ਕੈਂਪ ਦਾ ਉਦਘਾਟਨ ਮਾਨਯੋਗ ਸ਼੍ਰੀ ਕੁਲਜੀਤ ਸਰਹਾਲ ਜੀ ਅਤੇ ਹਰਜੋਤ ਕੌਰ ਲੋਹਟੀਆਂ ਜੀ ਵੱਲੋਂ ਆਪਣੇ ਕਰ ਕਮਲਾ ਨਾਲ ਪਤਵੰਤੇ ਸੱਜਣਾਂ ਤੇ ਹਸਪਤਾਲ ਦੇ ਟਰੱਸਟ ਅਤੇ ਸਟਾਫ ਦੀ ਹਾਜ਼ਰੀ ਵਿੱਚ ਕੀਤਾ ਗਿਆ। ਇਸ ਮੌਕੇ ਤੇ ਡਾ.ਐਨ ਆਰ ਪਾਲ, ਡਾਕਟਰ ਨਾਮਦੇਵ ਬੰਗੜ, ਡਾਕਟਰ ਮੁਕੇਸ਼ ਕੁਮਾਰ ਜੀ, ਰਾਜ ਕੁਮਾਰ ਜੀ, ਮਨਜੀਤ ਸਿੰਘ ਬੰਗਾ, ਬਾਲੋ ਸਾਹਿਬ, ਮਲਕੀਤ ਸਿੰਘ ਭੰਗੂ , ਮਾਰਕੀਟ ਕਮੇਟੀ ਦੇ ਚੇਅਰਮੈਨ ਸ਼੍ਰੀ ਬਲਬੀਰ ਕਰਨਾਣਾ ਜੀ,ਸ਼੍ਰੀ ਇੰਦਰਜੀਤ ਸਿੰਘ ਮਾਨ, ਕੁਲਬੀਰ ਸਿੰਘ ਪਾਬਲਾ, ਰਾਮ ਜੀ ਦਾਸ, ਬੇਦੀ ਸਾਹਿਬ,ਕ੍ਰਿਪਾਲ ਸਿੰਘ ਝੱਲੀ ਜੀ, ਅਤੇ ਹਰਵਿੰਦਰ ਕੌਰ ਸੁਜੋਂ ਅਤੇ ਡਾਕਟਰ ਰਵਿੰਦਰ ਸਿੰਘ ,ਡਾਕਟਰ ਜਸਲੀਨ ਕੌਰ, ਡਾਕਟਰ ਅਰੁਣ ਯਾਦਵ ,ਡਾਕਟਰ ਹਰਜੋਤ ਅਤੇ ਸਾਰਾ ਸਟਾਫ ਮੌਜੂਦ ਸਨ।

# ''ਅਜ਼ਾਦੀ ਤੋਂ ਬਾਅਦ ਭਾਰਤ''

ਭਾਰਤ ਨੂੰ ਇੱਥੋਂ ਦੀ ਭੂਗੋਲਿਕ ਸਥਿਤੀ ਕਰਕੇ ਹੀ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ ਇਹੀ ਕਾਰਨ ਸੀ ਕਿ ਭਾਰਤ ਦੀ ਸਲਤਨਤ ਲਈ ਵਾਰ ਵਾਰ ਯੁੱਧ ਹੁੰਦੇ ਰਹੇ ਤੀਜ਼ੀ ਸ਼ਤਾਬਦੀ ਸਮੇਂ ਭਾਰਤ ਵਿਚ ਗੁਪਤ ਸਲਤਨਤ ਦਾ ਸ਼ਾਸਨ ਸੀ ਬਾਹਰਵੀਂ ਸ਼ਤਾਬਦੀ ਸਮੇਂ ਮੁਗਲਾਂ ਨੇ ਅਲੱਗ ਅਲੱਗ ਸਮੇਂ ਤੇ ਭਾਰਤ ਤੇ ਹਮਲੇ ਕਰਕੇ ਲੁੱਟਿਆ ਅਤੇ ਲੰਮਾ ਸਮਾਂ ਸ਼ਾਸਨ ਕੀਤਾ ਇਸ ਤੋਂ ਬਾਅਦ ਲੱਗਭੱਗ ਸਤਾਰਵੀਂ ਸ਼ਤਾਬਦੀ ਦੇ ਮੱਧ ਵਿੱਚ ਪੁਰਤਗਾਲ, ਡੱਚ ਫ਼ਰਾਂਸ, ਬ੍ਰਿਟੇਨ ਸਹਿਤ ਅਨੇਕਾਂ ਯੂਰਪੀ ਦੇਸ਼ਾਂ ਨੇ, ਜੋ ਭਾਰਤ ਨਾਲ ਵਪਾਰ ਕਰਨ ਦੇ ਇੱਛੁਕ ਸਨ, ਦੇਸ਼ ਦੀ ਅੰਦਰੂਨੀ ਸ਼ਾਸਕੀ ਅਰਾਜਕਤਾ ਦਾ ਫਾਇਦਾ ਚੁੱਕਿਆ। ਅੰਗਰੇਜ਼ ਦੂਜੇ ਦੇਸ਼ਾਂ ਨਾਲ ਵਪਾਰ ਦੇ ਇੱਛੁਕ ਲੋਕਾਂ ਨੂੰ ਰੋਕਣ ਵਿੱਚ ਸਫ਼ਲ ਰਹੇ ਅਤੇ 1840 ਤੱਕ ਲਗਭਗ ਪੂਰੇ ਭਾਰਤ ਉੱਤੇ ਸ਼ਾਸਨ ਕਰਨ ਵਿੱਚ ਸਫਲ ਹੋਏ। 1847 ਵਿੱਚ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੇ ਵਿਰੁੱਧ ਅਸਫਲ ਬਗ਼ਾਵਤ, ਜੋ ਭਾਰਤੀ ਸੁਤੰਤਰਤਾ ਦੀ ਪਹਿਲੀ ਲੜਾਈ ਵਜੋਂ ਵੀ ਜਾਣੀ ਜਾਂਦੀ ਹੈ, ਦੇ ਬਾਅਦ ਭਾਰਤ ਦਾ ਸਾਰਾ ਭਾਗ ਸਿੱਧੇ ਅੰਗਰੇਜ਼ੀ ਸ਼ਾਸਨ ਦੇ ਪ੍ਰਬੰਧਕੀ ਕਾਬੂ ਵਿੱਚ ਆ ਗਿਆ। ਵੀਹਵੀਂ ਸ਼ਤਾਬਦੀ ਦੇ ਅਰੰਭ ਵਿੱਚ ਲੰਬੇ ਸਮੇ ਤੱਕ ਅਜ਼ਾਦੀ ਪ੍ਰਾਪਤੀ ਲਈ ਵਿਸ਼ਾਲ ਅਹਿੰਸਾਵਾਦੀ ਸੰਘਰਸ਼ ਚੱਲਿਆ ਅਤੇ ਇਸਦੇ ਨਾਲ ਹੀ ਇਨਕਲਾਬੀ ਵਿਚਾਰਧਾਰਾ ਨਾਲ ਜੁੜੇ ਸ਼ਿਵ ਆਜ਼ਾਦ, ਸਰਦਾਰ ਭਗਤ ਸਿੰਘ, ਸੁਖਦੇਵ ਥਾਪਰ, ਰਾਜਗੁਰੂ, ਨੇਤਾਜੀ ਸੁਭਾਸ਼ ਚੰਦਰ ਬੋਸ, ਆਦਿ ਦੇ ਚਲੇ ਕ੍ਰਾਂਤੀਵਾਦੀ ਸੰਘਰਸ਼ ਦੇ ਫਲਸਰੂਪ 16 ਜੂਨ 1946 ਨੂੰ ਅੰਗਰੇਜ਼ਾਂ ਵਲੋਂ ਅੰਤ੍ਰਿਮ ਸਰਕਾਰ ਬਣਾਉਣ ਦਾ ਐਲਾਨ ਕੀਤਾ ਗਿਆ ਅਤੇ ਆਖਿਰ 15 ਅਗਸਤ ਨੂੰ 1947 ਨੂੰ ਦੇਸ਼ ਅਜ਼ਾਦ ਹੋ ਗਿਆ ਜਿਸ ਲਈ, ਭਗਤ ਸਿੰਘ, ਸੁਖਦੇਵ, ਰਾਜਗੁਰੂ ਵਰਗੇ ਅਨੇਕਾਂ ਹੀ ਨੌਜਵਾਨ ਸ਼ਹੀਦ ਹੋ ਗਏ ਅਤੇ ਅਜ਼ਾਦੀ ਮਿਲਦਿਆਂ ਹੀ ਦੁਨੀਆਂ ਦੇ ਇੱਕ ਵੱਡੇ ਮੁਲਕ ਭਾਰਤ ਨੂੰ ਬਟਵਾਰੇ ਦਾ ਸਾਹਮਣਾ ਕਰਨਾ ਪਿਆ ਦੇਸ਼ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਜਿਸ ਨੂੰ ਭਾਰਤ ਅਤੇ ਪਾਕਿ-ਸਤਾਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਇਸ ਬਟਵਾਰੇ ਨੇ ਲੱਖਾਂ ਹੀ ਨਿਰਦੋਸ਼ ਲੋਕਾਂ ਦੀ ਜਾਨ ਲੈ ਲਈ। 15 ਅਗਸਤ 1947 ਨੂੰ ਭਾਰਤ ਵਿੱਚ ਪਹਿਲੀ ਵਾਰ ਨਹਿਰੂ ਦੀ ਅਗਵਾਈ ਵਿੱਚ ਅਜ਼ਾਦ ਮੁਲਕ ਦੀ ਸਰਕਾਰ ਬਣੀ। ਜਦੋਂ ਭਾਰਤ ਅਜ਼ਾਦ ਹੋਇਆ ਤਾਂ ਉਦੋਂ ਦੇਸ਼ ਦੀ ਕੁੱਲ ਆਬਾਦੀ 34 ਕਰੋੜ ਦੇ ਕਰੀਬ ਸੀ ਜੋਕਿ ਵਧਕੇ ਅੱਜ 146 ਕਰੋੜ ਦੀ ਹੱਦ ਪਾਰ ਚੁੱਕੀ ਹੈ ਅਤੇ ਭਾਰਤ ਜਨਸੰਖਿਆ ਚ ਪੂਰੀ ਦੁਨੀਆਂ ਵਿੱਚ ਨੰਬਰ ਇੱਕ ਬਣ ਚੁੱਕਾ ਹੈ ਦੂਜੇ ਪਾਸੇ ਅੱਜ ਬੇਰੁਜ਼ਗਾਰੀ, ਗਰੀਬੀ, ਅਨਪੜ੍ਹਤਾ, ਭ੍ਰਿਸ਼ਟਾਚਾਰ ਵਧਦੀ ਆਬਾਦੀ, ਅਮੀਰੀ, ਗਰੀਬੀ ਦਾ ਪਾੜਾ ਕਿਸਾਨਾਂ ਦੁਆਰਾ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ, ਮਜ਼ਦੂਰਾ ਦੀ ਮਾੜੀ ਹਾਲਤ, ਡੁੱਬ ਰਿਹਾ ਵਪਾਰ, ਕਾਰੋਬਾਰ ਵਿੱਚ ਖੜੋਤ ਆਦਿ ਵੱਡੀਆਂ ਮੁਸੀਬਤਾਂ ਹਨ ਜੋਂ ਦਿਨੋ ਦਿਨ ਵਧਦੀਆਂ ਜਾ ਰਹੀਆਂ ਹਨ ਅਜ਼ਾਦੀ ਤੋਂ 79 ਸਾਲਾਂ ਬਾਅਦ ਵੀ ਅਸੀਂ ਸਿਖਿਆ ਦੇ ਖੇਤਰ ਵਿੱਚ ਵੀ ਵੱਡਾ ਮਾਅਰਕਾ ਮਾਰਨ ਵਿੱਚ ਕਾਮਯਾਬ ਨਹੀਂ ਹੋ ਸਕੇ ਅੱਜ ਦੇਸ਼ ਦੀ ਸਿੱਖਿਆ ਦੇ ਖੇਤਰ ਵਿੱਚ ਵੱਡੀ ਗਿਰ-ਾਵਟ ਆ ਚੁੱਕੀ ਹੈ। ਸਾਡੀਆਂ ਸਰਕਾਰਾਂ ਨੇ ਤਾਂ ਸਿੱਖਿਆ ਵਿਚ ਵੀ ਅਮੀਰੀ ,ਗਰੀਬੀ ਦਾ ਪਾੜਾ ਪਾ ਦਿੱਤਾ ਹੈ। ਅਮੀਰਾਂ ਲਈ ਕਾਨਵੈਂਟ ਸਿੱਖਿਆ ਅਤੇ ਗਰੀਬਾਂ ਲਈ ਬੇਮਿਆਰੀ ਸਿੱਖਿਆ, ਵਿੱਦਿਆ ਵਿਚ ਪਏ ਪਾੜ੍ਹੇ ਕਾਰਨ ਅੱਜ ਦੇ ਮੁਕਾਬਲੇ ਦੇ ਯੁੱਗ ਵਿਚ ਆਮ ਗਰੀਬ ਅਤੇ ਪੇਂਡੂ ਪਰਿਵਾਰਾਂ ਦੇ ਬੱਚੇ ਬਹੁਤ ਪੱਛੜ ਗਏ ਹਨ। ਜੇਕਰ ਦੇਸ਼ ਦੇ ਲੋਕਾਂ ਦੀ ਸਿਹਤ ਦੀ ਗੱਲ ਕਰੀਏ, ਜੋਕਿ ਮਨੁੱਖ ਦੀ ਮੁੱਢਲੀ ਲੋੜ ਹੈ ਅਤੇ ਸਰਕਾਰਾਂ ਦਾ ਆਮ ਲੋਕਾਂ ਨੂੰ ਅਜਿਹੀਆਂ ਸਹੂਲਤਾਂ ਦੇਣ ਦਾ ਮੁੱਢਲਾ ਫਰਜ਼ ਬਣਦਾ ਹੈ, ਪਰ ਅੱਜ ਅਜ਼ਾਦ ਭਾਰਤ ਅੰਦਰ ਸਿਹਤ ਸੇਵਾਵਾਂ ਦੀ ਤ੍ਰਾਸਦੀ ਆਮ ਦੇਖਣ ਨੂੰ ਮਿਲਦੀ ਦੇਸ਼ ਦੇ ਸਿਰਫ ਅਮੀਰ ਲੋਕ ਹੀ ਪੈਸੇ ਦੇ ਬਲਬੂਤੇ ਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਦੇ ਸਮਰੱਥ ਹਨ



ਜਦੋਂ ਕਿ ਗਰੀਬ ਲੋਕਾਂ ਲਈ ਮਹਿੰਗੇ ਹਸਪਤਾਲਾਂ ਦੇ ਵਿੱਚ ਇਲਾਜ ਕਰਵਾਉਣਾ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋ ਚੁੱਕਾ ਹੈ। ਬੇਰੁਜ਼ਗਾਰੀ ਅਤੇ ਗ਼ਰੀਬੀ ਦੀ ਸਤਾਈ ਸਾਡੀ ਨਵੀਂ ਪੀੜ੍ਹੀ ਜ਼ਿੰਦਗੀ ਦੇ ਰਾਹ ਤੋਂ ਭਟਕ ਕੇ ਨਸ਼ਿਆਂ ਵਿਚ ਗੁਲਤਾਨ ਹੁੰਦੀ ਜਾ ਰਹੀ ਹੈ। ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵੱਲ ਧੱਕਣ ਲਈ ਸਾਡੇ ਦੇਸ਼ ਦਾ ਮਾੜਾ ਸਿਸਟਮ ਅਤੇ ਸਰਕਾਰੀ ਨੀਤੀਆਂ ਆਪਣੀ ਜ਼ਿਮੇਵਾਰੀ ਤੋਂ ਮੁਨਕਰ ਨਹੀਂ ਹੋ ਸਕਦੀਆਂ। ਅਜ਼ਾਦੀ ਤੋਂ ਬਾਅਦ ਅਸੀਂ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਵੀ ਬਹੁਤ ਤਰੱਕੀ ਕੀਤੀ ਹੈ ਜੇਕਰ ਇਸ ਵਿਚ ਭਾਰਤ ਨੂੰ ਕੋਈ ਨੰਬਰ ਦੇਣ ਦੀ ਗੱਲ ਕਰੇ ਤਾਂ ਸ਼ਾਇਦ ਜਨਸੰਖਿਆ ਵਾਂਗ ਅਸੀਂ ਪਹਿਲੇ ਨੰਬਰ ਤੇ ਹੋਵਾਂਗੇ। ਇੱਥੇ ਹਰ ਪਾਸੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਇਸਨੇ ਆਮ ਲੋਕਾਂ ਦੇ ਨੱਕ ਵਿੱਚ ਦਮ ਕਰ ਰੱਖਿਆ ਹੈ। ਕੋਈ ਵਿਭਾਗ ਇਸਦੀ ਮਾਰ ਤੋਂ ਨਹੀਂ ਬਚਿਆ ਹੋਇਆ। ਬਿਨਾਂ ਰਿਸ਼ਵਤ ਤੋਂ ਬਹੁਤ ਸਾਰੇ ਕੰਮ ਸੰਭਵ ਨਹੀਂ ਸਾਡੇ ਦੇਸ਼ ਵਿੱਚ ਨੇਤਾ ਖਰੀਦ ਲਏ ਜਾਂਦੇ ਹਨ ਅਤੇ ਪੈਸੇ ਦੇ ਬਲਬੂਤੇ ਸਰਕਾਰਾ ਗਿਰਾ ਦਿਤੀਆਂ ਜਾਂਦੀਆਂ ਹਨ। ਸਾਡੇ ਦੇਸ਼ ਦੇ ਸ਼ਹੀਦਾਂ ਦੁਆਰਾ ਖੂਨ ਡੋਲ੍ਹ ਕੇ ਪ੍ਰਾਪਤ ਕੀਤੀ ਇਹ ਅਜ਼ਾਦੀ, ਉਨ੍ਹਾਂ ਦੇ ਸੁਪਨਿਆਂ ਤੋਂ ਕੋਹਾਂ ਦੂਰ ਹੈ । ਸਾਡੇ ਦੇਸ਼ ਭਗਤਾਂ ਨੇ ਤਾਂ ਦੇਸ਼ ਨੂੰ ਲੁੱਟਣ ਵਾਲੇ ਗੋਰੇ ਅੰਗਰੇਜ ਤਾਂ ਦੇਸ਼ ਵਿੱਚੋਂ ਭਜਾ ਦਿੱਤੇ ਸਨ। ਹੁਣ ਆਪਣੇ ਹੀ ਦੇਸ਼ ਨੂੰ ਲੁੱਟਣ ਵਾਲੇ ਇਨ੍ਹਾਂ ਸੁਆਰਥੀ ਕਾਲੇ ਅੰਗਰੇਜਾਂ ਨੂੰ ਅਸੀਂ ਕਿੱਧਰ ਨੂੰ ਭਜਾਈਏ। ਇਹ ਸੁਆਰਥੀ ਨੇਤਾ ਤਾਂ ਗੋਰੇ ਅੰਗਰੇਜਾਂ ਤੋਂ ਵੀ ਵੱਧ ਖਤਰਨਾਕ ਹਨ। ਬਹੁਤ ਸਾਰੇ ਪਰਵਾਸ ਕਰ ਰਹੇ ਨੌਜਵਾਨਾਂ ਦਾ ਮੰਨਣਾ ਹੈ ਕਿ ਕਾਸ਼ ਅੰਗਰੇਜ ਇਥੇ ਹੁੰਦੇ ਤਾਂ ਸ਼ਾਇਦ ਅੱਜ ਸਾਨੂੰ ਆਪਣਾ ਵਤਨ ਨਾ ਛੱਡਣਾ ਪੈਂਦਾ। ਜਦੋਂ ਤੱਕ ਅਸੀਂ ਪੁਰਾਣੇ ਸਿਸਟਮ ਨੂੰ ਬਦਲਕੇ ਵਿਕਸਤ ਦੇਸ਼ਾਂ ਦੇ ਰਾਹਾ ਤੇ ਨਹੀਂ ਤੁਰਦੇ, ਅੰਧਵਿਸ਼ਵਾਸੀ ਸੋਚ ਨੂੰ ਵਿਗਿਆਨਕ ਸੋਚ ਵਿਚ ਨਹੀਂ ਬਦਲਦੇ, ਧਰਮਾਂ, ਜ਼ਾਤ ਪਾਤ ਦੀ ਗੰਦੀ ਰਾਜਨੀਤੀ ਤੋਂ ਬਾਹਰ ਨਹੀਂ ਨਿਕਲਦੇ ਉਦੋਂ ਤੱਕ ਦੇਸ਼ ਦਾ ਵਿਕਾਸਸ਼ੀਲ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਹੋਣ ਦਾ ਸੁਪਨਾ ਨਾਮੁਮਕਿਨ ਲੱਗ ਰਿਹਾ ਹੈ ਇਸ ਲਈ ਜ਼ਰੂਰੀ ਹੈ ਕਿ ਦੇਸ਼ ਦੀ ਰਾਜਨੀਤੀ ਨੂੰ ਨਵਾਂ ਰੂਪ ਦਿੱਤਾ ਜਾਵੇ ਜਿਸ ਦੀ ਸ਼ੁਰੂਆਤ ਚੋਣ ਸਿਸਟਮ ਨੂੰ ਦਰੁਸਤ ਕਰਕੇ ਕੀਤੀ ਜਾ ਸਕਦੀ ਹੈ। ਇਸ ਵੇਲੇ ਦੇਸ਼ ਦੀਆਂ ਚੋਣਾਂ ਪੈਸੇ ਦੇ ਬਲਬੂਤੇ ਤੇ ਲੜੀਆਂ ਜਾਂਦੀਆਂ ਹਨ ਜਿਸ ਨੂੰ ਵੱਡੇ ਵੱਡੇ ਸਰਮਾਏਦਾਰਾਂ ਵਲੋਂ ਸਿਆਸੀ ਫੰਡ ਦੇ ਨਾਂ ਤੇ ਰਾਜਨੀਤਕ ਪਾਰਟੀਆਂ ਨੂੰ ਮੋਟਾ ਪੈਸਾ ਦਿਤਾ ਜਾਂਦਾ ਹੈ ਅਤੇ ਬਾਅਦ ਵਿੱਚ ਸਰਕਾਰਾਂ ਸਰਮਾਏਦਾਰੀ ਦੀ ਕਠਪੁਤਲੀਆਂ ਬਣ ਜਾਂਦੀਆਂ ਹਨ ਅਤੇ ਸਰਕਾਰਾਂ ਨੂੰ ਆਮ ਅਤੇ ਗਰੀਬ ਲੋਕ ਦਿਖਣੇ ਬੰਦ ਹੋ ਜਾਂਦੇ ਹਨ। ਅੱਜ ਸਾਡੇ ਦੇਸ਼ ਦਾ ਨੌਜਵਾਨ ਚੰਗੇ ਭਵਿੱਖ ਅਤੇ ਚੰਗੇ ਸਿਸਟਮ ਦੀ ਤਲਾਸ਼ ਵਿੱਚ ਵਿਦੇਸ਼ ਵਿੱਚ ਜਾਣ ਨੂੰ ਤਰਜੀਹ ਦੇ ਰਿਹਾ ਹੈ। ਸਾਡੇ ਦੇਸ਼ ਦੇ ਮਾਣਯੋਗ ਪ੍ਰਧਾਨ ਮੰਤਰੀ ਜੀ ਬਹੁਤ ਵਾਰੀ ਕਹਿ ਚੁੱਕੇ ਹਨ ਕਿ " ਬਦਲਗੇ ਦੇਸ਼" ਪਰ ਕਦੋਂ ? ਪਹਿਲਾਂ ਇਹ ਨਿਸ਼ਾਨਾ 2025 ਤੱਕ ਰੱਖਿਆ ਗਿਆ ਸੀ ਅਤੇ ਹੁਣ 2040 ਤੱਕ ਦੱਸਿਆ ਜਾ ਰਿਹਾ ਹੈ। ਕੀ ਸਚਮੁੱਚ ਦੇਸ਼ ਬਦਲਗੇ ? ਜਦੋਂ ਤੱਕ ਅਸੀਂ ਵਿਕਸਤ ਦੇਸ਼ਾਂ ਵਰਗੀਆਂ ਨੀਤੀਆਂ ਅਤੇ ਕਨੂੰਨ ਬਣਾਉਣ ਵਿੱਚ ਸਮਰੱਥ ਨਹੀਂ ਹੋ ਜਾਂਦੇ ਉਦੋਂ ਤੱਕ ਦੇਸ਼ ਬਦਲਣ ਜਾਂ ਕਹਿ ਲਓ ਕਿ ਵਿਕਸਤ ਹੋਣ ਦਾ ਸੁਪਨਾ ਹੋਰ ਲੰਮਾ ਹੁੰਦਾ ਜਾਵੇਗਾ। ਫਿਰ ਵੀ ਸਾਡੇ ਦੇਸ਼ ਦੇ ਹਰ ਆਮ ਨਾਗਰਿਕ ਨੂੰ ਆਪਣੇ ਦੇਸ਼ ਨਾਲ ਪ੍ਰੇਮ ਹੈ ਇਸੇ ਲਈ ਅਜ਼ਾਦੀ ਦਿਵਸ ਤੇ ਉਰਦੂ ਸ਼ਾਇਰ ਮਹੁੰਮਦ ਇਕਬਾਲ ਦੀਆਂ ਇਹ ਲਾਇਨਾਂ ਉਹ ਗੁਣਗੁਣਾਉਣ ਤੋਂ ਆਪਣੇ ਆਪ ਨੂੰ ਰੋਕ ਨਹੀਂ ਸਕਦੇ।

ਫਿਰ ਵੀ, ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ
ਹਮ ਬੁਲਬੁਲੇਂ ਹੈਂ ਇਸਕੀ, ਯੇਹ ਗੁਲਿਸਤਾਂ ਹਮਾਰਾ
ਗੁਰਬਤ ਮੇਂ ਹੋਂ ਅਗਰ ਹਮ, ਰਹਤਾ ਹੈ ਦਿਲ ਵਤਨ ਮੇਂ
ਸਮਝੋ ਵਹੀਂ ਹਮੇਂ ਭੀ, ਦਿਲ ਹੋ ਜਹਾਂ ਹਮਾਰਾ।



**ਕੁਲਦੀਪ ਸਿੰਘ ਸਾਹਿਲ**
**9417990040**

# ਪੀ.ਐਮ. ਸ ਸ ਸੀ ਸੈ ਸਕੂਲ ਮਨਹੋਤਾ ਵਿਖੇ ਕਰੀਅਰ ਗਾਈਡੈਂਸ ਪ੍ਰੋਗਰਾਮ ਕਰਵਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵਲੋਂ ਪੀ.ਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨਹੋਤਾ ਵਿਖੇ ਦਸਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਚੋਣ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਕਰਵਾਇਆ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਯੰਗ ਪ੍ਰੋਫੈਸ਼ਨਲ ਵਿਰਕਮ ਸਿੰਘ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਵੱਖ-ਵੱਖ ਸਟ੍ਰੀਮਾਂ ਦੀ ਪੜ੍ਹਾਈ, ਆਈ.ਟੀ.ਆਈ. ਕੋਰਸ,



ਡਿਪਲੋਮਾ ਅਤੇ ਡਿਗਰੀ ਕੋਰਸਾਂ ਬਾਰੇ ਜਾਣਕਾਰੀ ਦਿੱਤੀ।ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਰੋਜ਼ਗਾਰ ਬਿਊਰੋ ਰਾਹੀਂ ਦਿੱਤੀ ਜਾਂਦੀ ਮੁਫ਼ਤ ਇੰਟਰਨੈੱਟ ਸੁਵਿਧਾ, ਸਵੈ-ਰੋਜ਼ਗ-ਾਰ ਸਕੀਮਾਂ ਬਾਰੇ ਜਾਣਕਾਰੀ, ਸ਼ਾਰਟ-ਟਰਮ ਤਕਨੀਕੀ ਕੋਰਸਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਵੱਖ-ਵੱਖ ਸਰਕਾਰੀ ਨੌਕਰੀਆਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਨੈਸ਼ਨਲ ਕਰੀਅਰ ਸਰਵਿਸਜ਼ ਪੋਰਟਲ ‘ਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੂੰ ਰੋਜ਼ਗਾਰ ਦਫਤਰ ਦੀ ਮੋਬਾਇਲ ਐਪ ਡੀਬੀਈਈ ਆਨਲਾਈਨ ਗੂਗਲ ਪਲੇਅ ਸਟੋਰ ਰਾਹੀਂ ਡਾਊਨਲੋਡ ਕਰਕੇ ਘਰ ਬੈਠੇ ਹੀ ਪ੍ਰਾਈਵੇਟ ਨੌਕਰੀਆਂ ਦੀ ਭਰਤੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਲੈਣ ਬਾਰੇ ਦੱਸਿਆ। ਵਿਦਿਆਰਥੀਆਂ ਨੂੰ ਆਪਣੇ ਭਵਿੱਖ ਦੀ ਕਰੀਅਰ ਸਬੰਧੀ ਹੁਣ ਤੋਂ ਹੀ ਆਪਣੀ ਪਲੈਨਿੰਗ ਬਣਾਉਣ ਲਈ ਕਿਹਾ ਗਿਆ ਅਤੇ ਜੇਕਰ ਕੋਈ ਮੁਸ਼ਕਲ ਆਉਂਦੀ ਹੈ, ਤਾਂ ਰੋਜ਼ਗਾਰ ਬਿਊਰੋ ਨਾਲ ਸੰਪਰਕ ਕਰਨ ਲਈ ਕਿਹਾ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੌਰਾਨ ਸਬੰਧਤ ਸਕੂਲ ਦੇ ਸਮੂਹ ਸਟਾਫ ਅਤੇ 70 ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਇਸ ਪ੍ਰੋਗਰਾਮ ਵਿਚ ਭਾਗ ਲਿਆ।

# ਪੰਜਾਬ ਦਾ ਮਾਣ, ਰੂਹਾਂ ਦਾ ਗਾਇਕ "ਬੱਬੂ ਮਾਨ"

ਪੰਜਾਬੀ ਸੰਗੀਤ ਦੀ ਦੁਨੀਆ ਵਿੱਚ ਜਦੋਂ ਗੱਲ ਦਿਲ ਨੂੰ ਛੂਹਣ ਵਾਲੇ ਗੀਤਾਂ ਦੀ ਹੁੰਦੀ ਹੈ, ਤਾਂ "ਬੱਬੂ ਮਾਨ" ਦਾ ਨਾਮ ਸਿਰਲੇਖਾਂ ਵਿੱਚ ਲਿਖਿਆ ਜਾਂਦਾ ਹੈ। ਆਪਣੇ ਸੁਰੀਲੇ ਸੁਰਾਂ, ਅਸਲੀ ਬੋਲਾਂ ਅਤੇ ਸਾਦਗੀ-ਭਰੇ ਜੀਵਨ ਨਾਲ ਉਹ ਸਿਰਫ਼ ਇੱਕ ਗਾਇਕ ਨਹੀਂ, ਸਗੋਂ ਲੋਕ-ਰੂਹਾਂ ਦੇ ਅੰਤਰ ਵਿੱਚ ਵੱਸਣ ਵਾਲੇ ਕਲਾਕਾਰ ਹਨ।

**ਜਨਮ ਅਤੇ ਸ਼ੁਰੂਆਤੀ ਦਿਨ**

18 ਮਾਰਚ 1975 ਨੂੰ ਪਿੰਡ ਖੰਟ ਵਿੱਚ ਜਨਮੇ "ਬੱਬੂ ਮਾਨ" ਦਾ ਅਸਲੀ ਨਾਮ ਤੇਜਿੰਦਰ ਸਿੰਘ ਮਾਨ ਹੈ। ਬਚਪਨ ਤੋਂ ਹੀ ਉਹ ਸੰਗੀਤ ਵਿੱਚ ਦਿਲਚਸਪੀ ਰੱਖਦੇ ਸਨ। ਸਕੂਲ ਅਤੇ ਕਾਲਜ ਦੇ ਸਮਿਆਂ 'ਚ ਹੀ ਸਟੇਜ-ਪ੍ਰੋਗਰਾਮਾਂ ਵਿੱਚ ਹਿੱਸਾ ਲੈਣਾ ਉਹਨਾਂ ਦੀ ਰੋਜ਼ਮਰਾ ਬਣ ਗਿਆ ਸੀ।

**ਸੰਗੀਤਕ ਸਫ਼ਰ**

"ਬੱਬੂ ਮਾਨ"ਦਾ ਪਹਿਲਾ ਐਲਬਮ "ਸਾਉਣ ਦੀਆਂ ਘੱਟਾਂ" 1998 ਵਿੱਚ ਜਾਰੀ ਹੋਇਆ, ਪਰ ਅਸਲ ਮਾਣ 2001 ਵਿੱਚ "ਸਾਥ ਸਾਥ" ਅਤੇ "ਤੂ ਮੇਰੇ ਬਚਪਨ ਦਾ ਪਿਆਰ" ਨਾਲ ਮਿਲਿਆ। ਉਹਨਾਂ ਦੇ ਗੀਤਾਂ ਦੀ ਖਾਸੀਅਤ ਇਹ ਹੈ ਕਿ ਉਹ ਜ਼ਿੰਦਗੀ ਦੇ ਸੱਚ, ਪਿਆਰ ਦੇ ਦਰਦ, ਦੋਸਤੀ ਦੀ ਗਰਮੀ ਅਤੇ ਮਿੱਟੀ ਨਾਲ ਜੁੜੇ ਜਜ਼ਬਾਤਾਂ ਨੂੰ ਸਿਧੇ-ਸਿਧੇ ਦਿਲ ਵਿੱਚ ਉਤਾਰ ਦੇਂਦੇ ਹਨ।

**ਫਿਲਮੀ ਯਾਤਰਾ**

"ਬੱਬੂ ਮਾਨ" ਨੇ ਪੰਜਾਬੀ ਫਿਲਮਾਂ ਵਿੱਚ ਵੀ ਆਪਣੀ ਛਾਪ ਛੱਡੀ। "ਹਵਾਵਾਂ" "ਰੱਬ ਨੇ ਬਣਾ ਦਿੱਆਂ ਜੋੜੀਆਂ", "ਹਸ਼ਰ" ਅਤੇ "ਏਕਮ - ਸਨ ਆਫ਼ ਸੋਇਲ" ਵਰਗੀਆਂ ਫਿਲਮਾਂ ਵਿੱਚ ਉਹਨਾਂ ਦੀ ਅਦਾਕਾਰੀ ਲੋਕਾਂ ਦੇ ਦਿਲਾਂ 'ਚ ਵੱਸ ਗਈ।



**ਮਸ਼ਹੂਰ ਗੀਤ ਅਤੇ ਸੁਨੇਹੇ**

1. ਮਿਤਰਾਂ ਦੀ ਛੱਤਰੀ - ਦੋਸਤੀ ਦਾ ਸਾਇਆ, ਜੋ ਹਰ ਮੁਸੀਬਤ ਵਿੱਚ ਸਾਥ ਦੇਂਦਾ ਹੈ।
2. ਸੂਰਮਾ - ਬਹਾਦਰੀ ਅਤੇ ਆਪਣੀ ਮਿੱਟੀ ਲਈ ਜਾਨ ਨਿਓਛਾਵਰ ਕਰਨ ਦਾ ਜਜ਼ਬਾ।
3. ਮੁਲਾਕਾਤ - ਪਹਿਲੀ ਮੁਲਾਕਾਤ ਦੇ ਸੁਪਨੇ ਅਤੇ ਧੜਕਨਾਂ ਦੀ ਕਹਾਣੀ।
4. ਹਸ਼ਰ - ਪਿਆਰ ਵਿੱਚ ਧੋਖੇ ਦਾ ਦਰਦ ਅਤੇ ਅੰਤਮ ਨਤੀਜੇ।
5. ਏਕਮ - ਸਨ ਆਫ਼ ਸੋਇਲ - ਆਪਣੀ ਮਿੱਟੀ ਤੇ ਵਿਰਾਸਤ 'ਤੇ ਮਾਣ।
6. ਰੱਬ ਨੇ ਬਣਾ ਦਿੱਆਂ ਜੋੜੀਆਂ - ਸੱਚੇ ਪਿਆਰ ਨੂੰ ਰੱਬ ਦੀ ਬਣਾਈ ਜੋੜੀ ਮੰਨਣਾ।
7. ਤਲਾਸ਼ - ਜੀਵਨ ਦੇ ਮਕਸਦ ਅਤੇ ਪਿਆਰ ਦੀ ਖੋਜ
8. ਸਾਡਾ ਚੱਲਾ - ਪੰਜਾਬੀ ਲੋਕ-ਰਿਵਾਇਤਾਂ ਦੀ ਮਹਿਕ
9. ਪਿੰਡ ਪਿੰਡ ਹਵਾਵਾਂ - ਜਨਮਭੂਮੀ ਨਾਲ ਅਟੁੱਟ ਪਿਆਰ।
10. ਮੇਰੇ ਬਾਪੂ - ਪਿਤਾ ਦੇ ਪਿਆਰ ਅਤੇ ਸਿੱਖਿਆ ਨੂੰ ਸਮਰਪਿਤ ਗੀਤ।

ਅੰਤਰਰਾਸ਼ਟਰੀ ਮਾਣ

"ਬੱਬੂ ਮਾਨ"ਨੇ ਨਾ ਸਿਰਫ਼ ਪੰਜਾਬ ਵਿੱਚ, ਸਗੋਂ ਵਿਦੇਸ਼ਾਂ ਵਿੱਚ ਵੀ ਪੰਜਾਬੀ ਸੰਗੀਤ ਦੇ ਝੰਡੇ ਗਾੜੇ ਹਨ। ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਯੂਰਪ ਵਿੱਚ ਉਹਨਾਂ ਦੇ ਲਾਈਵ ਸ਼ੋਅਜ਼ ਹਮੇਸ਼ਾਂ ਹਾਊਸਫੁਲ ਰਹਿੰਦੇ ਹਨ। ਉਹ ਕਈ ਅੰਤਰਰਾਸ਼ਟਰੀ ਐਵਾਰਡਾਂ ਨਾਲ ਸਨਮਾਨਿਤ ਹੋ ਚੁੱਕੇ ਹਨ।

**ਸਮਾਜਿਕ ਯੋਗਦਾਨ**

"ਬੱਬੂ ਮਾਨ"ਆਪਣੇ ਪਿੰਡ ਦੀ ਵਿਕਾਸ ਕਾਰਜਾਂ ਵਿੱਚ ਹਿੱਸਾ ਲੈਂਦੇ ਹਨ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਦੇ ਹਨ। ਉਹਨਾਂ ਦਾ ਸੁਨੇਹਾ ਹੈ ਕਿ ਪੰਜਾਬ ਦੀ ਤਾਕਤ ਉਸਦੇ ਸਿਹਤਮੰਦ ਅਤੇ ਸਿੱਖਿਆਯਾਬ ਨੌਜਵਾਨ ਹਨ।

"ਬੱਬੂ ਮਾਨ" ਸਿਰਫ਼ ਗਾਇਕ ਜਾਂ ਅਦਾਕਾਰ ਨਹੀਂ, ਸਗੋਂ ਪੰਜਾਬੀ ਸਭਿਆਚਾਰ ਦਾ ਰੂਹਾਨੀ ਰਾਜਦੂਤ ਹਨ। ਉਹਨਾਂ ਦੀ ਗਾਇਕੀ, ਅਦਾਕਾਰੀ ਅਤੇ ਸਾਦਗੀਪੂਰਨ ਜੀਵਨ ਫ਼ਲਸਫ਼ਾ ਹਮੇਸ਼ਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਰਹੇਗਾ। ਉਹ ਸੱਚਮੁੱਚ ਪੰਜਾਬ ਦਾ ਮਾਣ ਹਨ।

**ਗੁਰਭਿੰਦਰ ਗੁਰੀ,**
**+447951 590424**
**watsapp**

# ਆਓ ਜਾਣੀਏ 15 ਅਗਸਤ ਬਾਰੇ

78 ਸਾਲ ਪਹਿਲਾਂ ਸੁਤੰਤਰਤਾ ਸੰਗਰਾਮੀਆਂ ਨੇ ਆਪਣੇ ਖ਼ੂਨ-ਪਸੀਨੇ ਨਾਲ ਆਜ਼ਾਦੀ ਦਿਵਾਈ। ਦੇਸ਼ ਦੀ ਆਜ਼ਾਦੀ ਖਾਤਰ ਸ਼ਹੀਦ ਭਗਤ ਸਿੰਘ, ਲਾਲਾ ਲਾਜਪਤ ਰਾਏ, ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਦੀਵਾਨ ਸਿੰਘ ਕਾਲੇਪਾਣੀ, ਸੋਹਣ ਸਿੰਘ ਭਕਨਾ, ਕਿਸ਼ਨ ਸਿੰਘ ਗੜਗੱਜ, ਬਾਬਾ ਰਾਮ ਸਿੰਘ, ਅਜੀਤ ਸਿੰਘ, ਮਦਨ ਲਾਲ ਢੀਂਗਰਾ, ਸੁਭਾਸ਼ ਚੰਦਰ ਬੋਸ, ਜਨਰਲ ਮੋਹਨ ਸਿੰਘ, ਲਾਲਾ ਹਰਦਿਆਲ, ਰਾਜਗੁਰੂ, ਸੁਖਦੇਵ, ਗੋਆ ਦੇ ਸ਼ਹੀਦ ਕਰਨੈਲ ਸਿੰਘ ਈਸੜੂ  ਨਾਮਧਾਰੀ ਸਤਿਗੁਰੂ ਰਾਮ ਸਿੰਘ ਤੇ ਹੋਰ ਅਨੇਕਾਂ ਨੇ ਕਰੜੇ ਸੰਘਰਸ਼ ਕਰਕੇ, ਜੇਲ੍ਹਾਂ ਕੱਟ ਕੇ, ਖ਼ੂਨ ਦਾ ਇੱਕ-ਇੱਕ ਕਤਰਾ ਵਹਾ ਕੇ 1947 ਵਿੱਚ ਅੰਗਰੇਜ਼ਾਂ ਤੋਂ ਭਾਰਤ ਨੂੰ ਆਜ਼ਾਦ ਕਰਵਾਉਣ ਦੇ ਲਈ ਲੱਖਾਂ ਲੋਕਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। 15 ਅਗਸਤ 1947ਈ: ਨੂੰ ਭਾਰਤ ਆਜ਼ਾਦ ਹੋਇਆ। ਇਸ ਦਿਨ ਨਾਲ ਸੰਬੰਧਿਤ ਘਟਨਾਵਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।



* 15 ਅਗਸਤ 1761ਈ: ਨੂੰ ਅੰਗਰੇਜ਼ੀ ਦੇ ਮਹਾਨ ਲਿਖਾਰੀ ਸਰ ਵਾਲਟ ਸਕਾਟ ਦਾ ਜਨਮ ਹੋਇਆ।
* 15 ਅਗਸਤ 1769 ਈ: ਨੂੰ ਨੈਪੋਲੀਅਨ ਬੋਨਾਪਾਰਟ ਦਾ ਜਨਮ ਹੋਇਆ।
* 15 ਅਗਸਤ 1858 ਈ: ਨੂੰ ਸਾਰਪਸ ਫੀਲਡ ਨੇ ਸਮੁੰਦਰੀ ਤਾਰ ਦੀ ਖੋਜ ਕੀਤੀ।
* 15 ਅਗਸਤ 1859 ਈ: ਨੂੰ ਰੇਲਵੇ ਦੀ ਪਹਿਲੀ ਰੇਲ ਗੱਡੀ ਹਾਵੜਾ ਤੋਂ ਹੁਗਲੀ ਵਿਚਕਾਰ ਸ਼ੁਰੂ ਹੋਈ।
* 15 ਅਗਸਤ 1947 ਈ: ਨੂੰ ਮਹਾਨ ਸੁਤੰਤਰਤਾ ਸੰਗਰਾਮੀ ਸ੍ਰ: ਅਜੀਤ ਸਿੰਘ ਇਸ ਦੁਨੀਆਂ ਤੋਂ ਚੱਲ ਵੱਸੇ।
* 15 ਅਗਸਤ 1950ਈ: ਨੂੰ ਟੈਕਸਲਾ ਟੀ.ਵੀ ਕੰਪਨੀ ਦੀ  ਸਥਾਪਨਾ ਹੋਈ।
* 15 ਅਗਸਤ 1951ਈ: ਨੂੰ ਟਾਈਮਜ਼ ਆਫ ਇੰਡੀਆ ਨੇ ਪੰਜਾਬੀ ਸੂਬੇ ਦੀ ਹਮਾਇਤ ਕੀਤੀ।
* 15 ਅਗਸਤ 1974ਈ: ਨੂੰ ਯੋਜਨਾ (ਪੰਜਾਬੀ) ਮੈਗਜ਼ੀਨ ਦਾ  ਪਹਿਲਾ ਅੰਕ ਰਿਲੀਜ਼ ਕੀਤਾ ਗਿਆ।

**ਕਰਨੈਲ ਸਿੰਘ ਐੱਮ.ਏ.**
**ਲੁਧਿਆਣਾ**
**#1138/63-ਏ, ਗੁਰੂ ਤੇਗ਼ ਬਹਾਦਰ**
**ਨਗਰ, ਗਲੀ ਨੰ-1, ਚੰਡੀਗੜ੍ਹ ਰੋਡ,**
**ਜਮਾਲਪੁਰ, ਲੁਧਿਆਣਾ ।**
**Emial :-karnialisnghma@gmial.com**

# ਵਿਧਾਇਕ ਡਾ. ਇਸ਼ਾਂਕ ਚੱਬੇਵਾਲ ਨੇ ਫਤਿਹਪੁਰ ਅਤੇ ਢੱਕੋ ਪਿੰਡਾਂ ਵਿੱਚ ਲੋਕਾਂ ਨੂੰ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਜਾਗਰੂਕ ਕੀਤਾ

**ਮਾਹਿਲਪੁਰ ਪੁਰ (ਸਤਨਾਮ ਸਿੰਘ ਸਹੂੰਗੜਾ)** ਸੂਬਾ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ "ਯੁੱਧ ਨਸ਼ਿਆਂ ਵਿਰੁਧ" ਤਹਿਤ ਅੱਜ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਨੇ ਫਤਿਹਪੁਰ ਅਤੇ ਢੱਕੋਂ ਪਿੰਡਾਂ ਵਿੱਚ ਜਨਤਕ ਮੀਟਿੰਗਾਂ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਪਿੰਡ ਵਾਸੀਆਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਅਤੇ ਸਮਾਜ ਨੂੰ ਇਸ ਬੁਰਾਈ ਤੋਂ ਮੁਕਤ ਕਰਨ ਲਈ ਏਕਤਾ ਦਾ ਸੱਦਾ ਦਿੱਤਾ। ਮੀਟਿੰਗ ਵਿੱਚ ਵਿਧਾਇਕ ਨੇ ਕਿਹਾ,"ਨਸ਼ੇ ਨਾ ਸਿਰਫ਼ ਇੱਕ ਵਿਅਕਤੀ ਨੂੰ ਪ੍ਰਭਾਵਿਤ ਕਰਦੇ ਹਨ, ਸਗੋਂ ਪੂਰੇ ਪਰਿਵਾਰ ਅਤੇ ਸਮਾਜ ਦੀ ਨੀਂਹ ਨੂੰ ਹਿਲਾ ਦਿੰਦੇ ਹਨ। ਇਹ ਸਾਡੀ ਸਾਰਿਆਂ ਦੀ ਸਮੂਹਿਕ ਜ਼ਿੰਮੇਵਾਰੀ ਹੈ ਕਿ ਅਸੀਂ ਨੌਜਵਾਨਾਂ ਨੂੰ ਜਾਗਰੂਕ ਕਰੀਏ ਅਤੇ ਉਨ੍ਹਾਂ ਨੂੰ ਸਹੀ ਦਿਸ਼ਾ ਦੇਈਏ। ਜਦੋਂ ਤੱਕ ਹਰ ਘਰ ਨਸ਼ਾ ਮੁਕਤ ਨਹੀਂ ਹੁੰਦਾ, ਸਾਡੇ ਪਿੰਡ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੋ ਸਕਦੇ।" ਉਨ੍ਹਾਂ ਇਹ ਵੀ ਕਿਹਾ ਕਿ ਪ੍ਰਸ਼ਾਸਨ, ਪੁਲਿਸ,



ਪੰਚਾਇਤ ਅਤੇ ਆਮ ਜਨਤਾ ਮਿਲ ਕੇ ਹੀ ਇਹ ਲੜਾਈ ਜਿੱਤ ਸਕਦੇ ਹਨ। ਇਸ ਮੌਕੇ ਸਰਪੰਚ ਸੁਖਵਿੰਦਰ ਸਿੰਘ, ਸੁੱਚਾ ਸਿੰਘ ਪੰਚ, ਮਾਸਟਰ ਨਰਿੰਦਰ ਸਿੰਘ, ਅਮਰੀਕ ਸਿੰਘ, ਬਲਜਿੰਦਰ ਕੌਰ ਪੰਚ, ਅਮਨਦੀਪ ਸਿੰਘ, ਦੀਦਾਰ ਸਿੰਘ ਲੰਬੜਦਾਰ, ਭਵਿਸ਼ਿਆ ਸਿੰਘ, ਜਗਦੀਪ ਸਿੰਘ, ਬਲਜੀਤ ਕੋਟ, ਬਿਰਲਾ ਸੇਠ, ਚਰਨਜੀਤ ਬੰਟੀ, ਮਹਿੰਦਰ ਸਿੰਘ ਭੰਬੋ, ਚੈਂਚਲ ਸਿੰਘ (ਸਰਪੰਚ ਕੋਠੀ), ਕੇਵਲਇੰਦਰ ਸਿੰਘ, ਕੇਵਲ ਸਿੰਘ ਪ੍ਰਧਾਨ) ਇਸ ਮੌਕੇ ਪਿੰਡ ਫਤਿਹਪੁਰ ਵਿਖੇ ਹਾਜ਼ਰ ਸਨ। ਪਿੰਡ ਢੱਕੋ ਵਿੱਚ ਸਰਪੰਚ ਨਰਿੰਦਰ ਕੌਰ, ਪੰਚ ਬਲਦੇਵ ਸਿੰਘ, ਕੇਸਰ ਸਿੰਘ ਪੰਚ, ਪਰਮਜੀਤ ਕੌਰ ਪੰਚ, ਸਰੋਜ ਬਾਲਾ ਪੰਚ, ਲੈਬਦਾਰ ਬਲਜਿੰਦਰ ਸਿੰਘ, ਸਤਨਾਮ ਸਿੰਘ, ਗੁਰਵਿੰਦਰ ਸਿੰਘ ਅਤੇ ਓਮਕਾਰ ਸਿੰਘ ਸਮੇਤ ਕਈ ਪਿੰਡ ਵਾਸੀਆਂ ਨੇ ਸ਼ਮੂਲੀਅਤ ਕੀਤੀ। ਦੋਵਾਂ ਥਾਵਾਂ 'ਤੇ ਹੋਈਆਂ ਮੀਟਿੰਗਾਂ ਦੌਰਾਨ ਪਿੰਡ ਵਾਸੀਆਂ ਨੇ ਵਿਧਾਇਕ ਨੂੰ ਭਰੋਸਾ ਦਿਵਾਇਆ ਕਿ ਉਹ ਆਪੋ-ਆਪਣੇ ਖੇਤਰ 'ਚ ਨਸ਼ਿਆਂ ਨੂੰ ਰੋਕਣ ਲਈ ਪੰਚਾਇਤ ਪੱਧਰ 'ਤੇ ਨਿਗਰਾਨ ਕਮੇਟੀਆਂ ਬਣਾਉਣਗੇ ਅਤੇ ਨੌਜਵਾਨਾਂ ਨੂੰ ਖੇਡਾਂ ਅਤੇ ਪੜ੍ਹਾਈ ਵੱਲ ਪ੍ਰੇਰਿਤ ਕਰਨਗੇ ਛ ਪ੍ਰੋਗਰਾਮ ਦੇ ਅੰਤ ਵਿੱਚ, ਵਿਧਾਇਕ ਡਾ. ਇਸ਼ਾਂਕ ਨੇ ਪਿੰਡ ਵਾਸੀਆਂ ਨਾਲ ਹੱਥ ਖੜ੍ਹੇ ਕੀਤੇ ਅਤੇ ਨਾਅਰਾ ਬੁਲੰਦ ਕੀਤਾ "ਨਸ਼ਾ ਛੱਡੋ, ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਓ"। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਮੁਹਿੰਮ ਨਹੀਂ ਹੈ, ਸਗੋਂ ਇੱਕ ਸਮਾਜਿਕ ਕ੍ਰਾਂਤੀ ਹੈ, ਜਿਸ ਨੂੰ ਹਰ ਵਿਅਕਤੀ ਨੂੰ ਆਪਣੀ ਜ਼ਿੰਮੇਵਾਰੀ ਸਮਝ ਕੇ ਅੱਗੇ ਵਧਾਉਣਾ ਹੋਵੇਗਾ।

# ਨਵੋਦਿਆ ਵਿਦਿਆਲਿਆ ਫਲਾਹੀ ਵਿਖੇ ਮਾਪੇ-ਅਧਿਆਪਕ ਕੌਂਸਲ ਦੀ ਹੋਈ ਚੋਣ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੀ ਐਮ ਸ਼੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜਨਰਲ ਬਾਡੀ ਮੀਟਿੰਗ ਵਿੱਚ ਮਾਪੇ-ਅਧਿਆਪਕ ਕੌਂਸਲ ਦੀ ਚੋਣ ਹੋਈ, ਜਿਸ ਵਿਚ ਸਾਰੇ ਬਲਾਕਾਂ ਦੇ ਮਾਪਿਆਂ ਨੇ ਇਸ ਕੌਂਸਲ ਲਈ ਪ੍ਰਤੀਨਿਧ ਸਰਬਸੰਮਤੀ ਨਾਲ ਚੁਣੇ। ਇੰਚਾਰਜ ਸੰਜੀਵ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥੀਆਂ ਦੇ ਬਹੁਮੁਖੀ ਵਿਕਾਸ ਵਿਚ ਮਾਪਿਆਂ ਅਤੇ ਅਧਿਆਪਕਾਂ ਦਾ ਵਡਮੁੱਲਾ ਯੋਗਦਾਨ ਹੁੰਦਾ ਹੈ। ਵਿਦਿਆਰਥੀਆਂ ਨੂੰ ਆਪਣੇ



ਨਿਸ਼ਾਨੇ ਦੀ ਪੂਰਤੀ, ਪੜ੍ਹਾਈ ਅਨੁਕੂਲ ਮਾਹੌਲ, ਸਹਿ-ਪਾਠਕ੍ਰਮ ਗਤੀਵਿਧੀਆਂ ਲਈ ਮਾਪਿਆਂ ਅਤੇ ਅਧਿਆਪਕਾਂ ਦੇ ਮਾਰਗ ਦਰਸ਼ਨ ਦੀ ਹਮੇਸ਼ਾਂ ਲੋੜ ਰਹਿੰਦੀ ਹੈ। ਵਿਦਿਆਲੇ ਦੇ ਡਾਇਨਿੰਗ ਹਾਲ ਵਿਚ ਹੋਏ ਭਰਵੇਂ ਇਕੱਠ ਵਿਚ ਮਾਪਿਆਂ ਵਲੋਂ ਕਮਲਜੀਤ ਕੌਰ, ਅਨੂ ਰਾਣੀ, ਅਨੀਤਾ ਕੁਮਾਰੀ, ਸੋਨੀਆਂ ਰਾਣੀ, ਰਛਪਾਲ ਸਿੰਘ, ਅਵਤਾਰ ਸਿੰਘ, ਰਾਜ ਕੁਮਾਰ, ਰਾਏ ਸਿੰਘ, ਬਲਜੀਤ ਕੌਰ, ਸੋਨੀਆਂ, ਮਨੋਜ ਕੁਮਾਰ, ਨਰੇਸ਼ ਕੁਮਾਰ, ਬਲਵੀਰ ਸਿੰਘ, ਰਵਿੰਦਰ ਕੌਰ ਅਤੇ ਅਧਿਆਪਕਾਂ 'ਚੋਂ ਚੰਚਲ ਸਿੰਘ, ਦਿਨੇਸ਼ ਕੁਮਾਰ ਸ਼ਰਮਾ, ਭਾਰਤ ਜਸਰੋਟੀਆ ਅਤੇ ਸੁਮਨ ਭੱਟੀ ਇਸ ਕੌਂਸਲ ਦੇ ਮੈਂਬਰ ਚੁਣੇ ਗਏ ਜਿਨ੍ਹਾਂ ਨੇ ਵਿਦਿਆਰਥੀਆਂ ਦੀ ਭਲਾਈ ਲਈ ਰਲ ਮਿਲ ਕੇ ਯਤਨ ਕਰਨ ਦਾ ਪ੍ਰਣ ਲਿਆ। ਕੌਂਸਲ ਦੇ ਚੇਅਰ ਪਰਸਨ ਪ੍ਰਿੰਸੀਪਲ ਰੰਜੂ ਦੁੱਗਲ ਹੋਣਗੇ।

# ਸਿੱਖ ਨੈਸ਼ਨਲ ਕਾਲਜ ਦੇ ਕਾਮਰਸ ਵਿਭਾਗ ਦੇ ਵਿਦਿਆਰਥੀ ਰਹੇ ਜ਼ਿਲ੍ਹੇ 'ਚੋਂ ਅੱਵਲ

**ਬੰਗਾ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਆਯੋਜਿਤ ਐੱਮ.ਕਾਮ. ਸਮੈਸਟਰ ਦੂਜਾ ਦੀ ਪ੍ਰੀਖਿਆ 'ਚ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਨਤੀਜਿਆਂ ਨਾਲ ਸੰਸਥਾ ਦੇ ਨਾਂ ਰੌਸ਼ਨ ਕੀਤਾ ਹੈ। ਇਸ ਮੌਕੇ ਖੁਸ਼ੀ ਜ਼ਾਹਰ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਦੱਸਿਆ ਕਿ ਵਿਦਿਆਰਥਣ ਸਿਮਰਪ੍ਰੀਤ ਕੌਰ ਨੇ 8.59 ਐੱਸ ਜੀ ਪੀ ਏ ਨਾਲ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਨਾਲ ਹੀ ਵਿਦਿਆਰਥਣ ਲਿਪਸੀ ਤੇ ਦਮਨਪ੍ਰੀਤ ਕੌਰ ਦੋਵਾਂ ਨੇ 8.41 ਅਤੇ ਗਗਨਪ੍ਰੀਤ ਕੌਰ ਤੇ ਸੰਦੀਪ ਕੌਰ ਨੇ 8.23 ਐੱਸ ਜੀ ਪੀ ਏ ਨਾਲ ਜ਼ਿਲ੍ਹੇ 'ਚੋਂ ਕ੍ਰਮਵਾਰ ਦੂਜਾ ਤੇ ਤੀਜਾ



ਸਥਾਨ ਹਾਸਲ ਕੀਤਾ ਹੈ। ਇਸ ਪ੍ਰਾਪਤੀ ਲਈ ਪ੍ਰਿੰਸੀਪਲ ਸਾਹਿਬ ਨੇ ਪੋਸਟ ਗ੍ਰੈਜੂਏਟ ਕਾਮਰਸ ਵਿਭਾਗ ਦੇ ਸਮੂਹ ਸਟਾਫ਼ ਨੂੰ ਮੁਬਾਰਕਬਾਦ ਦਿੱਤੀ ਤੇ ਕਿਹਾ ਕਿ ਇਸ ਵਿਭਾਗ ਦੇ ਨਤੀਜੇ ਹਮੇਸ਼ਾ ਬਿਹਤਰ ਹੁੰਦੇ ਹਨ। ਇਸ ਮੌਕੇ ਡਾ. ਕਮਲਦੀਪ ਕੌਰ ਨੇ ਦੱਸਿਆ ਕਿ ਪ੍ਰੀਖਿਆ ਲਈ ਦਸ ਵਿਦਿਆਰਥੀ ਅਪੀਅਰ ਹੋਏ ਸਨ ਤੇ ਸਾਰਿਆਂ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਕਾਲਜ ਦੀ ਸਥਾਨਕ ਪ੍ਰਬੰਧਕੀ ਕਮੇਟੀ ਦੇ ਸਕੱਤਰ ਸ. ਜਰਨੈਲ ਸਿੰਘ ਪੱਲੀ ਝਿੱਕੀ ਨੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਪੌਦੇ ਦੇ ਕੇ ਸਨਮਾਨਿਤ ਕੀਤਾ ਤੇ ਪੜ੍ਹਾਈ ਪ੍ਰਤੀ ਆਪਣੀ ਲਗਨ ਨੂੰ ਹੋਰ ਵੀ ਦ੍ਰਿੜ ਕਰਨ ਲਈ ਪ੍ਰੇਰਿਆ। ਇਸ ਮੌਕੇ ਡਾ. ਦਵਿੰਦਰ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਮਨਰਾਜ ਕੌਰ, ਪ੍ਰੋ. ਹਰਦੀਪ ਕੌਰ, ਪ੍ਰੋ. ਪ੍ਰਿਆ ਲੱਧੜ, ਪ੍ਰੋ. ਅਵਨੀਤ ਕੌਰ, ਪ੍ਰੋ. ਦੀਪਿਕਾ, ਪ੍ਰੋ. ਗੁਰਿੰਦਰ ਕੌਰ ਅਤੇ ਪ੍ਰੋ ਮਨੀਸ਼ਾ ਹਾਜ਼ਰ ਸਨ।

# ਸੁਪਨੇ ਦੀ ਇਮਾਨਦਾਰੀ

ਇੱਕ ਦਿਨ ਮੈਂ ਇੱਕ ਕਾਲਜ ਵਿੱਚ ਪੰਜਾਬੀ ਟੀਚਰ ਦੀ ਇੰਟਰਵਿਊ ਦੇਣ ਲਈ ਗਈ। ਇੰਟਰਵਿਊ ਤੋਂ ਬਾਅਦ ਪ੍ਰਿੰਸੀਪਲ ਮੈਡਮ ਨੇ ਮੈਨੂੰ ਉਡੀਕ ਕਰਨ ਲਈ ਕਿਹਾ। ਮੈਂ ਚਲਦੀ-ਚਲਦੀ ਕਾਲਜ ਦੇ ਮੈਦਾਨ ਵਿੱਚ ਚਲੀ ਗਈ, ਜਿੱਥੇ ਕੁੜੀਆਂ ਹੱਸ-ਖੇਡ ਰਹੀਆਂ ਸਨ ਤੇ ਕੁਝ ਕੁ ਆਪਣੀਆਂ ਸੈਲਫੀਆਂ ਲੈ ਰਹੀਆਂ ਸਨ। ਮੈਂ ਘਾਹ 'ਤੇ ਬੈਠ ਗਈ ਤੇ ਆਪਣੇ ਫੋਨ ਵਿੱਚ ਰੁੱਝ ਗਈ। ਕੁਝ ਦੇਰ ਬਾਅਦ ਮੈਨੂੰ ਇੱਕ ਅਧਿਆਪਕ ਨੇ ਬੁਲਾਇਆ। ਮੈਂ ਆਪਣਾ ਸਾਮਾਨ ਉੱਥੇ ਹੀ ਰੱਖ ਕੇ ਉਹਨਾਂ ਦੀ ਗੱਲ ਸੁਣਨ ਚਲੀ ਗਈ। ਜਦੋਂ ਮੈਂ ਵਾਪਸ ਆਪਣਾ ਸਾਮਾਨ ਲੈਣ ਆਈ, ਤਾਂ ਦੇਖਿਆ ਕਿ ਸਾਰੀਆਂ ਕੁੜੀਆਂ ਜਾ ਚੁੱਕੀਆਂ ਸਨ। ਮੇਰੀ ਨਜ਼ਰ ਨੇੜੇ ਪਏ ਇੱਕ ਪਰਸ 'ਤੇ ਪਈ। ਮੈਂ ਉਸ ਨੂੰ ਖੋਲ੍ਹਿਆ। ਉਸ ਵਿੱਚ ਪੰਜ-ਪੰਜ ਸੌ ਦੇ ਕਈ ਨੋਟ ਸਨ। ਮੈਨੂੰ ਯਾਦ ਆਇਆ ਕਿ ਮੇਰੇ ਕੋਲ ਤਾਂ ਕੋਈ ਪੈਸਾ ਨਹੀਂ ਸੀ। ਮੈਨੂੰ ਕੁਝ ਸਮਝ ਨਹੀਂ ਆ ਰਹੀ ਸੀ ਕਿ ਕੀ ਕੀਤਾ ਜਾਵੇ ਏਨੇ ਵਿੱਚ ਮੇਰੀ ਨਜ਼ਰ ਉਥੇ ਤੈਨਾਤ ਇੱਕ ਸਕਿਓਰਿਟੀ ਗਾਰਡ 'ਤੇ ਪਈ। ਮੈਂ ਉਸ ਨੂੰ ਉਹ ਪਰਸ ਫੜਾ ਕੇ ਉਸ ਦੇ ਮਾਲਕ ਤੱਕ ਪਹੁਚਾਉਣ ਦਾ ਆਖ ਕੇ ਆਪਣੇ ਘਰ ਵੱਲ ਚੱਲ ਪਈ। ਏਨੇ ਵਿੱਚ ਮੇਰੀ ਅੱਖ ਖੁੱਲ੍ਹ ਗਈ। ਮੈਨੂੰ ਪਤਾ ਲੱਗਿਆ ਕਿ ਇਹ ਸਭ ਇੱਕ ਸੁਪਨਾ ਸੀ। ਪਰ ਮੈਨੂੰ ਆਪਣੀ ਸੋਚ 'ਤੇ ਬਹੁਤ ਖੁਸ਼ੀ ਹੋਈ ਕਿ ਮੈਂ ਤਾਂ ਸੁਪਨੇ ਵਿੱਚ ਵੀ ਏਨੀ ਇਮਾਨਦਾਰ ਹਾਂ।

**ਲਿਖਤ ਕੈਮੀ ਸਿੱਧੂ , ਸਪੰਰਕ**

**9988685724**

# ਆਜ਼ਾਦੀ ਅਤੇ ਸੰਤਾਪ

ਧਰਤੀ ਤੇ ਡੁੱਲਿਆ ਹਜ਼ਾਰਾਂ ਸ਼ਹੀਦਾਂ ਅਤੇ ਪੰਜਾਬੀਆਂ ਦਾ ਖ਼ੂਨ ਸਾਨੂੰ ਅਹਿਸਾਸ ਕਰਵਾਉਂਦਾ ਹੈ ਕਿ ਸਾਨੂੰ ਆਜ਼ਾਦੀ ਏਨੀਂ ਸੌਖੀ ਨਹੀਂ ਮਿਲ਼ੀ। ਅੰਗਰੇਜ਼ ਹਕੂਮਤ ਭਾਂਵੇ 15 ਅਗਸਤ 1947 ਨੂੰ ਭਾਰਤ ਦੀਆਂ ਹੱਦਾਂ ਪਾਰ ਕਰ ਕੇ ਵਾਪਸ ਮੁੜ ਗਈ ਪਰ ਸਾਡੇ ਲੋਕਾਂ, ਧਰਮਾਂ ਅਤੇ ਇਨਸਾਨੀਅਤ ਲਈ ਪਿੱਛੇ ਛੱਡ ਗਈ ਇਕ ਅਜਿਹੀ ਦਰਦ,ਟੀਸ ਜੋ ਰਹਿੰਦੀ ਦੁਨੀਆਂ ਤੱਕ ਸਾਡੇ ਹਿਰਦਿਆਂ ਨੂੰ ਵਲੂੰਧਰਦੀ ਰਹੇਗੀ। ਸਾਡੇ ਮੁਲਕ ਦੀ ਆਜ਼ਾਦੀ ਅੰਗਰੇਜ਼ ਹਕੂਮਤ ਨੂੰ ਲੱਖਾਂ ਅਜਿਹੇ ਸਵਾਲ ਕਰਦੀ ਹੈ ਕਿ ਉਹਨਾਂ ਮਾਵਾਂ ਦਾ ਕੀ ਕਸੂਰ ਸੀ ਜਿਹਨਾਂ ਦੇ ਦੁੱਧ ਪੀਂਦੇ ਬੱਚੇ ਵੀ ਉਹਨਾਂ ਤੋਂ ਜਾਂ ਤਾਂ ਵਿੱਛੜ ਗਏ ਸਨ ਜਾਂ ਸਦਾ ਲਈ ਮੌਤ ਦੀ ਗਹਿਰੀ ਨੀਂਦ ਸੌਂ ਗਏ ਸਨ? ਉਹਨਾਂ ਧੀਆਂ ਦਾ ਕੀ ਕਸੂਰ ਸੀ ਜਿਹਨਾਂ ਆਪਣੀ ਪੱਤ ਬਚਾਉਣ ਲਈ ਜਾਂ ਤਾਂ ਖੁਦ ਖੂਹਾਂ ਵਿੱਚ ਛਲਾਂਗ ਲਗਾ ਕੇ ਜਾਂ ਖ਼ੁਦ ਆਪਣੇ ਹੱਥੀਂ ਆਪਣਾ ਢਿੱਡ ਪਾੜ ਕੇ ਮੌਤ ਦੇ ਆਗੋਸ਼ ਵਿੱਚ ਸਮਾ ਗਈਆਂ ਸਨ? ਉਹਨਾਂ ਨੌਜਵਾਨਾਂ ਦਾ ਕੀ ਕਸੂਰ ਸੀ ਜੋ ਸੁੱਤੇ ਪਿਆਂ ਤੇ ਹਮਲੇ ਦਾ ਸ਼ਿਕਾਰ ਹੋ ਕੇ ਦੁਨੀਆਂ ਨੂੰ ਅਲਵਿਦਾ ਕਹਿ ਗਏ ਸਨ? ਉਹਨਾਂ ਬਜ਼ੁਰਗਾਂ ਦਾ ਕੀ ਕਸੂਰ ਸੀ ਜੋ ਆਪਣੇ ਪਰਿਵਾਰਾਂ ਤੋਂ ਸਦਾ ਲਈ ਵਿੱਛੜ ਗਏ ਸਨ ਜਾਂ ਬੱਚਿਆਂ ਦੇ ਸਾਹਮਣੇ ਮਾਰ ਦਿੱਤੇ ਗਏ ਸਨ? ਉਹਨਾਂ ਲੱਖਾਂ ਪਰਿਵਾਰਾਂ ਦਾ ਕੀ ਕਸੂਰ ਸੀ ਜੋ ਇਸ ਖ਼ੂਨੀ ਵੰਡ ਦੌਰਾਨ ਆਪਣੇ ਵੱਸੇ ਵਸਾਏ ਘਰਾਂ ਤੋਂ ਉੱਜੜ ਕੇ ਤੰਬੂਆਂ ਵਿੱਚ ਰਹਿਣ ਲਈ ਮਜਬੂਰ ਹੋਏ ਤੇ ਮਗਰੋਂ ਰਿਫਊਜੀ ਕਹਾਏ ਜਾਣ ਲੱਗੇ ਸਨ? ਉਸ ਆਪਸੀ ਪਿਆਰ ਦੀ ਸਾਂਝ ਦਾ ਕੀ ਕਸੂਰ ਸੀ ਜੋ ਧਰਮਾਂ ਤੋਂ ਉੱਪਰ ਉੱਠ ਕੇ ਇੱਕ ਦੂਜੇ ਲਈ ਅਮੀਰ ਵਿਰਾਸਤ ਕਹਾਉਂਦੀ ਸੀ?

47 ਦੇ ਦਰਦ ਦਾ ਖਤਰਨਾਕ ਮੰਜ਼ਰ ਦੇਖਣ ਵਾਲੀਆਂ ਉਹਨਾਂ ਲੱਖਾਂ ਅੱਖਾਂ ਦਾ ਕੀ ਕਸੂਰ ਸੀ ਜੋ ਉਹ ਜ਼ਾਲਮ ਮੰਜ਼ਰ ਯਾਦ ਆਉਂਦਿਆਂ ਹੀ ਜਿਉਂਦੇ ਜੀਅ ਨਦੀਆਂ ਦੇ ਵਹਿਣ ਵਾਂਗ ਵਹਿ ਤੁਰਦੀਆਂ ਸਨ? ਅੱਜ ਵੀ ਜੀਵਣ ਦੇ ਆਖਰੀ ਦੌਰ ਵਿੱਚ ਅਜਿਹੀਆਂ ਰੂਹਾਂ ਦੇ ਚਿਹਰੇ ਤੋਂ ਦਰਦ ਝਲਕਦਾ ਹੈ ਜਿਹਨਾਂ 1947 ਦਾ ਦਰਦ ਆਪਣੀ ਜ਼ਿੰਦਗੀ ਵਿੱਚ ਹੰਡਾਇਆ।

ਜੇ ਇਤਿਹਾਸ ਦੇ ਪੰਨਿਆਂ ਨੂੰ ਫਰੋਲਿਆ ਜਾਵੇ ਤਾਂ ਬੇਦੋਸ਼ਾ ਦੇ ਖ਼ੂਨ ਨਾਲ਼ ਰੰਗੀਂ ਪੰਜਾਬ ਦੀ ਧਰਤੀ ਅੱਜ ਵੀ ਆਪਣੇ ਉਸ ਸੰਤਾਪ ਨੂੰ ਆਪਣੀ ਛਾਤੀ ਤੇ ਹੰਡਾ ਕੇ ਚੀਖ਼ ਚੀਖ਼ ਕੇ ਕਹਿ ਰਹੀ ਹੈ ਕਿ ਸਾਨੂੰ ਆਜ਼ਾਦੀ ਏਨੀਂ ਸੌਖੀ ਨਹੀਂ ਮਿਲ਼ੀ.. ਅੱਜ ਵੀ ਸਮਾਂ ਹੈ ਆਪਣੇ ਪੰਜਾਬ ਨੂੰ ਰੰਗਲਾ ਬਣਾਉਣ ਲਈ ਰਾਜਨੀਤਕ ਲੋਕਾਂ ਦੀਆਂ ਗੱਲਾਂ ਵਿੱਚ ਨਾ ਆ ਕੇ ਖ਼ੁਦ ਇਸ ਦੀ ਨੁਹਾਰ ਬਦਲੋ.. ਨਸ਼ਿਆਂ ਤੋਂ ਸਾਡੀ ਨੌਜਵਾਨੀ ਤੌਬਾ ਕਰੇ..

ਸਾਡਾ ਸੂਬਾ ਪਹਿਲਾਂ ਵਾਂਗ ਹੀ ਦੁਨੀਆਂ ਤੋਂ ਵੱਖਰਾ ਕਹਿਲਾਵੇ, ਜਿੱਥੇ ਪਹਿਲਾਂ ਵਾਂਗ ਸਵੇਰ ਦੀ ਲੱਸੀ ਸਿੰਘ ਵੀਰਾਂ ਦੇ ਘਰੇ ਛੱਕੀਏ, ਦੁਪਹਿਰ ਦਾ ਨਿਵਾਲਾ ਮੁਸਲਮਾਨ ਭਰਾ ਦੇ ਘਰ ਜਾ ਛਕੀਏ ਤੇ ਰਾਤ ਦਾ ਭੋਜਨ ਹਿੰਦੂ ਮਾਂ ਦੇ ਹੱਥਾਂ ਦਾ ਬਣਿਆ ਹੋਇਆ ਖਾਈਏ , ਤੇ ਇਸ ਆਜ਼ਾਦੀ ਦੇ ਹਰ ਇੱਕ ਪਲ਼ ਨੂੰ ਉਹਨਾਂ ਸ਼ਹੀਦਾਂ ਦੇ ਸੁਪਨਿਆਂ ਵਾਂਗ ਮਾਣੀਏ...



✍️ ਨਿਰਮਲ ਸਿੰਘ ਨਿੰਮਾ ( ਸਮਾਜ ਸੇਵੀ)

# ਗੋਆ ਦੀ ਆਜ਼ਾਦੀ ਦਾ ਸ਼ਹੀਦ-ਕਰਨੈਲ ਸਿੰਘ ਈਸੜੂ

ਕਰਨੈਲ ਸਿੰਘ ਦਾ ਜਨਮ ਅਣਵੰਡੇ ਭਾਰਤ ਦੇ ਜ਼ਿਲਾ ਲਾਇਲਪੁਰ ਦੇ ਪਿੰਡ ਈਸੜੂ ਵਿੱਚ 9 ਸਤੰਬਰ 1930 ਨੂੰ ਹੋਇਆ ਜੋ ਹੁਣ ਪਾਕਿਸਤਾਨ ਵਿੱਚ ਹੈ। ਪਿਤਾ ਦਾ ਨਾਮ ਸੁੰਦਰ ਸਿੰਘ ਮਾਤਾ ਦਾ ਨਾਮ ਹਰਨਾਮ ਕੌਰ ਸੀ ਕਰਨੈਲ ਸਿੰਘ ਦੀਆਂ ਚਾਰ ਭੈਣਾਂ ਤੇ ਤਿੰਨ ਭਰਾ ਸਨ। ਵੰਡ ਤੋਂ ਪਹਿਲਾਂ ਹੀ ਪੂਰਬੀ ਪੰਜਾਬ ਆ ਗਏ। ਸੱਤਵੀਂ ਤੱਕ ਦੀ ਵਿਦਿਆ ਪਿੰਡ ਖੁਸ਼ਪੁਰ ਤੋਂ ਕੀਤੀ ਅੱਠਵੀਂ ਪਾਸ ਕਰਨ ਮਗਰੋਂ ਆਪ ਮਾਤਾ ਜੀ ਪਾਸ ਪਿੰਡ ਈਸੜੂ (ਖੰਨੇ ਨੇੜੇ ਪੰਜਾਬ) ਆ ਗਏ, ਦਸਵੀਂ ਦੀ ਪੜ੍ਹਾਈ ਖੰਨੇ ਦੇ ਇੱਕ ਸਕੂਲ ਤੋਂ ਪ੍ਰਾਪਤ ਕੀਤੀ। ਘਰ ਦੀ ਹਾਲਤ ਠੀਕ ਨਾ ਹੋਣ ਕਰਕੇ ਕਾਲਜ ਵਿੱਚ ਦਾਖਲਾ ਨਾ ਲੈ ਸਕੇ,ਪ੍ਰਾਈਵੇਟ ਤੌਰ ਤੇ ਐਫ਼. ਏ. ਦੀ ਪ੍ਰੀਖਿਆ ਪਾਸ ਕਰਨ ਉਪਰੰਤ ਪਿੰਡ ਬੰਬਾ ਦੇ ਸਕੂਲ ਵਿੱਚ ਅਧਿਆਪਕ ਦੇ ਤੌਰ ਤੇ ਸੇਵਾ ਨਿਭਾਉਂਦੇ ਰਹੇ ਇਸ ਦਾ ਰਾਹ ਹੀ ਆਪ ਨੇ ਅਧਿਆਪਕ-ਬੇਸਿਕ-ਸਿਖਲਾਈ ਲਈ ਜਗਰਾਉਂ ਸਕੂਲ ਚਲੇ ਗਏ। ਚਾਚਾ ਜੀ ਕਾਮਰੇਡ ਜਵਾਹਰ ਸਿੰਘ ਤੇ ਉਨ੍ਹਾਂ ਦੇ ਬੇਟੇ, ਬੀਬੀ ਕਾਮਰੇਡ ਜਗਤਾਰ ਸਿੰਘ ਤੇ ਉਨ੍ਹਾਂ ਦੀ ਬੇਟੀ ਸਵੈਚ,ਕਰਨੈਲ ਸਿੰਘ ਸਮੇਤ ਸੀਪੀਆਈ ਨਾਲ ਜੁੜ ਗਏ। ਕਰਨੈਲ ਸਿੰਘ, ਲੋਕ ਹਤੈਸ਼ੀ ਸੋਧ ਵਿੱਚ,ਅਡੋਲਤਾ ਨਾਲ ਤੁਰਨ ਲਈ ਸੀਪੀਆਈ ਮੈਂਬਰ ਬਣੇ।

ਪਿੰਡ ਈਸੜੂ (ਖੰਨਾ) ਵਿਖੇ ਹਰ ਸਾਲ 15 ਅਗਸਤ ਨੂੰ ਭਾਰੀ ਸ਼ਹੀਦੀ ਮੇਲਾ ਲੱਗਦਾ ਹੈ ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਲੱਖਾਂ ਦੀ ਗਿਣਤੀ ਵਿੱਚ ਉਹਨਾਂ ਦੀ ਸੋਚ ਤੇ ਪਹਿਰਾ ਦੇਣ ਵਾਸਤੇ ਸ਼ਰਧਾਲੂ ਸ਼ਹੀਦ ਨੂੰ ਨਤਮਸਤਕ ਹੁੰਦੇ ਹਨ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ। ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ, ਇਸ ਛੋਟੇ ਜਿਹੇ ਕਸਬੇ ਨੂੰ ਸੰਸਾਰ ਭਰ ਵਿੱਚ ਸਤਿਕਾਰ ਦਿਵਾਉਣ ਵਾਲੀ ਮਹਾਨ ਸ਼ਖ਼ਸੀਅਤ ਸਨ। ਹਰ ਸਾਲ ਉਹਨਾਂ ਦੇ ਸਨਮਾਨ ਵਿੱਚ ਯਾਦਗਾਰੀ ਸਮਾਗਮ ਕਰਵਾਇਆ ਜਾਂਦਾ ਹੈ ਪੰਜਾਬ ਵਿੱਚ ਕਰਨੈਲ ਸਿੰਘ ਈਸੜੂ ਦੇ ਨਾਮ ਤੇ ਪਿੰਡ ਵਿੱਚ ਲਾਇਬਰੇਰੀ,ਇੱਕ ਪਾਰਕ ਅਤੇ ਬੁੱਤ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਥਾਪਿਤ ਕੀਤਾ ਗਿਆ ਹੈ। ਕਰਨੈਲ ਸਿੰਘ ਈਸੜੂ ਦੇ ਪ੍ਰਭਾਵ ਅਧੀਨ, ਚਾਚਾ ਕਾਮਰੇਡ ਜਵਾਹਰ ਸਿੰਘ ਤੇ ਉਹਨਾਂ ਦੇ ਬੇਟੇ, ਬੇਟੀ ਸਵੈਚ ਅਤੇ ਉਸ ਦੇ ਬਾਪੂ ਕਾਮਰੇਡ ਜਗਤਾਰ ਸਿੰਘ ਸੀਪੀਆਈ ਨਾਲ ਜੁੜ ਗਏ।2015 ਵਿੱਚ ਗੋਆ ਦੇ ਪੱਤਰਾਦੇਵੀ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਕਰਨੈਲ ਸਿੰਘ ਦਾ ਇੱਕ ਕਾਂਸੀ ਦਾ ਬੁੱਤ ਲਗਾਇਆ ਗਿਆ।ਪਿੰਡ ਕੁਲਬੁਰਛਾ, ਤਹਿਸੀਲ ਸਮਾਣਾ ਜ਼ਿਲਾ ਪਟਿਆਲਾ ਵੀ, ਸੀਪੀਆਈ ਦਾ ਗੜ੍ਹ ਸੀ, ਕਰਨੈਲ ਸਿੰਘ ਈਸਰੂ ਦੇ ਗੋਆ ਜਾਣ ਤੋਂ ਪਹਿਲਾਂ ਸੀਪੀਆਈ ਨੇ ਉਨ੍ਹਾਂ ਨੂੰ ਵਿਦਾਇਗੀ ਪਾਰਟੀ ਦਾ ਪ੍ਰਬੰਧ ਕੀਤਾ ਸੀ। ਉਹ ਕਿਸ ਸਾਧਨ ਰਾਹੀਂ ਕੁਲਬੁਰਛਾ ਪਿੰਡ



ਪਹੁੰਚਿਆ, ਇਹ ਨਹੀਂ ਪਤਾ, ਕਿਉਂਕਿ ਉਸ ਵਕਤ ਪਿੰਡ ਨੂੰ ਪਹੁੰਚ ਰਸਤੇ, ਸਾਰੇ ਕੱਚੇ ਅਤੇ ਸ਼ਹਿਰ ਤੋਂ ਦੂਰ ਸਨ। ਪ੍ਰੀਤਮ ਸਿੰਘ ਕੁਲਬੁਰਛਾ ਇਲਾਕੇ ਦੇ ਮੰਨੇ-ਪ੍ਰਮੰਨੇ ਕਾਮਰੇਡ ਸਨ ਉਹਨਾਂ ਦੀ ਅਗਵਾਈ ਵਿੱਚ ਆਲੇ ਦੁਆਲੇ ਦੇ ਪਿੰਡਾਂ ਦੇ ਬਹੁਗਿਣਤੀ ਵਿੱਚ ਲੋਕ ਤੇ ਉੱਘੇ ਕਾਮਰੇਡ ਰਣਧੀਰ ਸਿੰਘ ਜੋੜੇਮਾਜਰਾ, ਗੁਜਰ ਸਿੰਘ ਧਨੇਠਾ, ਪੰਡਿਤ ਅਚਿੰਤ ਰਾਮ, ਮਦਨ ਲਾਲ ਮੱਦੀ ਆਦਿ ਨੇ ਸ਼ਾਮਿਲ ਹੋ ਕੇ ਉਸ ਨੂੰ ਚੜ੍ਹਦੀਆਂ ਕਲਾ ਵਿੱਚ ਪਿੰਡ ਤੋਂ ਵਿਦਾ ਕੀਤਾ। ਮੇਰੀ ਉਮਰ ਵੀ ਉਸ ਵੇਲੇ ਨੌ ਕੁ ਸਾਲ ਦੀ ਸੀ, ਉਸ ਮੌਕੇ ਦਾ ਮੈਂ ਵੀ ਚਸ਼ਮਦੀਦ ਗਵਾਹ ਹਾਂ।

ਗੋਆ ਦੀ ਆਜ਼ਾਦੀ ਦੇ ਪਰਵਾਨਿਆਂ ਦੀ ਮੱਠੀ ਪਈ ਯਾਦ ਇਉਂ ਸੁਰਜੀਤ ਹੋਈ। ਗੋਆ ਦੇ ਮੁੱਖ ਮੰਤਰੀ ਪ੍ਰਮੋਦ ਸਵੰਤ ਨੇ 28 ਸਤੰਬਰ 2019 ਨੂੰ ਅੰਬਾਲਾ ਨੇੜੇ ਕਰਨੈਲ ਸਿੰਘ ਈਸੜੂ ਸ਼ਹੀਦ ਦੀ ਪਤਨੀ ਬੀਬੀ ਚਰਨਜੀਤ ਕੌਰ ਦੇ ਪੇਕੇ ਪਿੰਡ ਬੜੌਲਾ ਪਹੁੰਚ ਕੇ 10 ਲੱਖ ਰੁਪਏ ਤੇ ਮਾਣ ਪੱਤਰ ਨਾਲ ਉਸਦਾ ਸਨਮਾਨ ਕੀਤਾ। ਪਤਾ ਲੱਗਿਆ, ਗੋਆ ਸਰਕਾਰ ਦੇ ਸੱਦੇ ਉੱਤੇ ਉਸਦੇ ਭਰਾ ਤੇ ਭਰਜਾਈ ਨੇ ਉੱਥੇ ਜਾ ਕੇ ਸਿਹਤ ਕਾਰਨ, ਚਰਨਜੀਤ ਕੌਰ ਦੇ ਪਹੁੰਚਣ ਦੀ ਅਸਮਰਥਤਾ ਦੱਸੀ ਅਤੇ ਮੁੱਖ ਮੰਤਰੀ ਨੂੰ ਪਿੰਡ ਆਉਣ ਦਾ ਸੱਦਾ ਦਿੱਤਾ ਸੀ, ਜੋ ਉਸਨੇ ਪ੍ਰਵਾਨ ਕਰ ਲਿਆ ਸੀ। 1950 ਵਿੱਚ ਹੋਏ ਵਿਆਹ ਦਾ ਮੁਕਲਾਵਾ ਵੀ ਅਜੇ ਨੀਂ ਹੋਇਆ ਸੀ, 1500 ਮੀਲ ਦੂਰ ਜਾ ਕੇ ਕਰਨੈਲ ਸਿੰਘ ਈਸੜੂ ਨੇ ਗੋਆ ਵਿੱਚ ਸ਼ਹੀਦੀ ਪ੍ਰਾਪਤ ਕਰ ਲਈ। ਚਰਨਜੀਤ ਕੌਰ ਜਿਸਨੇ ਸਦੀਆਂ ਵਰਗੀ ਉਮਰ ਕਰਨੈਲ ਸਿੰਘ ਦੇ ਨਾਮ ਨਾਲ ਜੁੜ ਕੇ ਲੰਘਾ ਲਈ ਆਪਣੇ ਪਿੰਡ ਪੇਕੇ ਹੀ ਰਹਿੰਦੀ ਰਹੀ।

ਗੋਆ ਦੀ ਆਜ਼ਾਦੀ ਦੀ ਭੂਮਿਕਾ ਇਸ ਤਰ੍ਹਾਂ ਹੈ : 2500 ਸਾਲ ਪਹਿਲਾਂ, ਸਮਰਾਟ ਅਸ਼ੋਕ ਅਧੀਨ ਮੋਰੀਆ ਰਾਜ ਦਾ ਹਿੱਸਾ ਸੀ। ਉਸ ਵੇਲੇ ਬੁੱਧ ਧਰਮ ਦੀਆਂ ਜੜ੍ਹਾਂ ਲੱਗੀਆਂ।ਬਾਦ ਵਿੱਚ ਇੱਥੇ ਭੋਜ,ਸੱਤਿਆਵਾਨ, ਯਾਦਵ, ਚੌਧਰੀ, ਰਾਸ਼ਟਕੂਤ ਅਤੇ ਕਦੰਬ ਰਾਜਿਆਂ ਨੇ ਜੈਨ ਧਰਮ ਦੀ ਸਰਪ੍ਰਸਤੀ ਕੀਤੀ।1312 ਵਿੱਚ ਇਹ ਦਿੱਲੀ ਸਲਤਨਤ ਦਾ ਹਿੱਸਾ ਬਣਿਆ। ਪਰ 1370 ਵਿੱਚ ਦੱਖਣ ਦੇ ਵਿਸ਼ਾਲ ਵਿਜੈਨਗਰ ਸਾਮਰਾਜ ਦੇ ਰਾਜੇ ਹਰਿਹਰ ਨੇ ਇਸ ਤੇ ਕਬਜ਼ਾ ਕਰ ਲਿਆ।1469 ਵਿੱਚ ਗੁਲਬਰਗਾ (ਕਰਨਾਟਕਾ) ਦੀ ਬਾਹਮਣੀ ਸਲਤਮਤ ਦਾ ਹਿੱਸਾ ਬਣਿਆ ਅਤੇ ਬਾਅਦ ਵਿੱਚ ਬੀਜਾਪੁਰ ਦੀ ਆਦਿਲ ਸ਼ਾਹੀ ਸਲਤਨਤ ਦਾ। 1510 ਵਿੱਚ ਪੁਰਤਗਾਲੀਆਂ ਨੇ ਬੀਜ਼ਾਪੁਰ ਦੇ ਸੁਲਤਾਨ ਯੂਸਫ ਆਦਿਲ ਸ਼ਾਹ ਨੂੰ ਹਰਾ ਕੇ ਇਸ ਤੇ ਕਬਜ਼ਾ ਕਰ ਲਿਆ। 451 ਸਾਲ ਗੁਲਾਮੀ ਭੋਗਣ ਤੋਂ ਬਾਅਦ ਗੋਆ 1961 ਵਿੱਚ ਆਜ਼ਾਦ ਹੋਇਆ। ਗੋਆ ਵਿੱਚ ਆਜ਼ਾਦੀ ਦਾ ਸੰਗਰਾਮ ਬਹੁਤ ਦੇਰ ਚੱਲਿਆ।

18 ਜੂਨ 1946 ਨੂੰ ਰਾਮ ਮਨੋਹਰ ਲੋਹੀਆ ਸਮਾਜਵਾਦੀ ਆਗੂ ਨੇ ਪਣਜੀ (ਫਓਨਓਜਿ) ਵਿੱਚ ਆਜ਼ਾਦੀ ਮੁਹਿੰਮ ਚਲਾਉਣ ਦਾ ਸੱਦਾ ਦਿੱਤਾ। ਅੰਗਰੇਜ਼ਾਂ ਤੋਂ ਆਜ਼ਾਦੀ ਮਿਲਣ ਤੋਂ ਬਾਅਦ ਗੋਆ ਵਿੱਚ ਆਜ਼ਾਦੀ ਸੰਗਰਾਮ ਚਲਾਉਣ ਦੀਆਂ ਮੁਹਿੰਮਾਂ ਚੱਲੀਆਂ। 1954-55 ਵਿੱਚ ਪਰਜਾ ਸੋਸ਼ਲਿਸਟ ਪਾਰਟੀ ਸੀਪੀਆਈ ਜਨ ਸੰਘ ਹਿੰਦੂ ਸਭਾ ਆਦਿ ਸਭ ਨੇ ਹਿੱਸਾ ਲਿਆ। ਪ੍ਰਮੁੱਖ ਆਗੂ ਐਨਏ ਡਾਂਗੇ, ਏਕੇ ਗੋਪਾਲਨ,ਵੀਡੀ ਚਿਤਲੇ,ਗੋਬਿੰਦ ਪਨਸਾਰੇ, ਐਨਜੀ ਸਰਦੇਸਾਈ ਆਦਿ ਸਨ। ਮਹਾਂਵੀਰ ਪ੍ਰਸ਼ਾਦ ਅਨੁਸਾਰ,13 ਅਗਸਤ ਨੂੰ ਬੈਲਗਾਮ ਪੁੱਜੇ। ਤੁਸੀਂ ਬਸੰਤ ਰਾਓ ਓਕ ਦੇ ਜਥੇ ਵਿੱਚ ਸ਼ਾਮਿਲ ਹੋ ਗਏ ਤੇ ਬਾਂਦਾ ਵੱਲ ਚੱਲ ਪਏ। 70 ਮੀਲ ਦਾ ਪੈਂਡਾ ਸੀ। ਦੇਖਦੇ ਕੋਨੇ ਕੋਨੇ ਤੋਂ 900 ਸਤਿਆਗ੍ਰਹੀ ਇਕੱਠੇ ਹੋਏ ਮੰਦਰ ਵਿੱਚ ਠਹਿਰੇ। 15 ਅਗਸਤ1955 ਨੂੰ 10 ਵਜੇ ਕੌਮੀ ਝੰਡਾ ਲਹਿਰਾਇਆ। ਪੰਜਾਬ ਤੇ ਦਿੱਲੀ ਜੱਥਿਆਂ ਦੀ,ਅਗਵਾਈ ਕਰਨੈਲ ਸਿੰਘ ਈਸੜੂ ਕਰ ਰਹੇ ਸਨ,ਭੰਗੜਾ ਪਾਉਂਦੇ ਜਾਂਦੇ,ਤੇ ਅੱਗੇ ਅੱਗੇ ਕਰਨੈਲ ਸਿੰਘ ਈਸੜੂ ਬੋਲਦਾ, ਨਾਅਰੇ ਲਾਉਂਦੇ ਸਰਹੱਦੀ ਚੌਕੀ ਚਿਤਰਾ ਪਹੁੰਚ ਗਏ। ਝੰਡਾ ਚੁੱਕੀ ਮਧੂਕਰ ਚੌਧਰੀ ਸਾਗਰ ਅੱਗੇ ਵਧੇ, ਉਹ ਸ਼ਹੀਦ ਹੋ ਗਏ। ਉਨ੍ਹਾਂ ਦੀ ਪਤਨੀ ਸਹੋਦਰਾ ਸਾਗਰ ਨੇ ਝੰਡਾ ਚੁੱਕਿਆ, ਭਾਰਤ ਮਾਤਾ ਦੀ ਜੈ ਦਾ ਨਾਅਰਾ ਮਾਰਿਆ ਉਹਨਾਂ ਦੇ ਹੱਥ ਦੀ ਉਂਗਲੀ ਤੇ ਗੋਲੀ ਲੱਗੀ, ਡਿੱਗਦੇ ਹੋਏ ਤਿਰੰਗੇ ਝੰਡੇ ਨੂੰ, ਪੰਜਾਬ ਦੇ ਜੱਥੇ ਦੇ ਕਰਨੈਲ ਸਿੰਘ ਈਸੜੂ ਨੇ ਭੱਜ ਕੇ ਚੁੱਕ ਲਿਆ, ਪਾਰਲੀਮੈਂਟ ਮੈਂਬਰ,ਲੰਕਾਸੁੰਦਰਮ ਦੇ ਰੋਕਦਿਆਂ ਰੋਕਦਿਆਂ, ਉਹ ਅੱਗੇ ਵਧਿਆ ਤੇ ਸ਼ਹੀਦ ਹੋ ਗਿਆ। ਪੰਡਿਤ ਕਿਸ਼ੋਰੀ ਲਾਲ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਦੇ ਦੋਸਤ, ਪੰਜਾਬ ਜਥੇ ਦੇ ਮੋਹਰੀ ਸਨ।



**ਅਮਰਜੀਤ ਸਿੰਘ ਤੂਰ**
ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ
ਹਾਲ-ਆਬਾਦ#639(40ਏ
ਚੰਡੀਗੜ੍ਹ। ਫੋਨ ਨੰਬਰ
:9878469639

# ਅਖੇ ਮਾਂ ਵਰਗੀ ਨਾ ਆਖੋ

ਮੈਂ ਅਜੇ ਨਿੱਕੜੀ ਨੂੰ ਦੁੱਧ ਪਿਆਇਆ ਹੀ ਸੀ ਉਹ ਫੇਰ ਰੋਣ ਲੱਗ ਪਈ। ਪਤਾ ਨਹੀ ਕਿਉਂ? ਮੈਂ ਉਸ ਨੂੰ ਮੂਰਤੀ ਮਾਸੀ ਕੋਲ ਲੈ ਗਈ। ਇਹਦਾ ਕੁਸ ਦੁਖਦਾ ਨਾ ਹੋਵੇ। ਮੂਰਤੀ ਮਾਸੀ ਸਾਡੇ ਗੁਆਂਢ ਚ ਹੀ ਰਹਿੰਦੀ ਹੈ। ਵਾਹਵਾ ਸਿਆਣੀ ਹੈ। ਮੇਰੇ ਪੇਕੇ ਘਰ ਕੋਲ ਵੀ ਹੁੰਦੀ ਸੀ ਇੱਕ ਸਿਆਣੀ ਬੁੜੀ। ਸਾਰੇ ਉਸ ਨੂੰ ਭੂਆ ਬਿਸਨੀ ਆਖਦੇ ਸੀ। ਉਹ ਬਾਲ ਵਿਧਵਾ ਸੀ । ਪਰ ਸੀ ਬਹੁਤ ਸਿਆਣੀ।ਹੁਣ ਤੇ ਪੇਕੇ ਵੀ ਛੁੱਟ ਗਏ ਤੇ ਭੂਆ ਬਿਸਨੀ ਵੀ। ਹੁਣ ਤੇ ਮਾਸੀ ਮੂਰਤੀ ਹੀ ਕੰਮ ਆਉਦੀ ਹੈ ਵੇਲੇ ਕੁਵੇਲੇ। ਮਾਸੀ ਮੂਰਤੀ ਦੇ ਸੁੱਖ ਨਾਲ ਪੰਜ ਛੇ ਮੁੰਡੇ ਹਨ। ਪੂਰਾ ਭਰਿਆ ਪਰਿਵਾਰ ਹੈ। ਸਿਆਣੀ ਤਾਂ ਮਾਸੀ ਮੂਰਤੀ ਵੀ ਬਹੁਤ ਹੈ ਜਵਾਂ ਭੂਆ ਬਿਸਨੀ ਤਰ੍ਹਾਂ। ਨਿੱਕੜੀ ਦਾ ਕਰਦੀ ਵੀ ਬਹੁਤ ਹੈ। ਜਦੋ ਮਿਲੂ, ਨਿੱਕੜੀ ਨੂੰ ਗੋਦੀ ਚੁੱਕ ਲਊ। ਕਿਉਂਕਿ ਨਿੱਕੜੀ ਜਵਾਂ ਮੇਰੇ ਤੇ ਹੀ ਗਈ ਹੈ। ਉਹੀ ਪਤਲੇ ਪਤਲੇ ਬੁੱਲ ਤਿੱਖਾ ਨੱਕ ਤੇ ਸਾਗੀ ਮੇਰੇ ਵਰਗੀਆਂ ਗੋਲ ਮਟੋਲ ਅੱਖਾਂ।ਨਾਲੇ ਆਖੂ "ਕਿਵੇਂ ਆਂ ਮਾਂ ਵਰਗੀਏ ਮੋਰਨੀਏ।' ਤੇ ਹੱਸ ਪਊ।

ਇੱਕ ਦਿਨ ਮੇਰੀ ਸੱਸ ਨੇ ਸੁਣ ਲਿਆ ਤੇ ਉਹ ਮਾਸੀ ਤੇ ਗੁੱਸੇ ਹੋਗੀ "ਅਖੇ ਤੂੰ ਇਹਨੂੰ ਮਾਂ ਵਰਗੀ ਨਾ ਆਖਿਆ ਕਰ।'।" ਜਦੋ ਸਕਲ ਸੂਰਤ ਮਾਂ ਤੇ ਗਈ ਹੈ ਤਾਂ ਮੈਂ ਇਹਨੂੰ ਮਾਂ ਵਰਗੀ ਹੀ ਆਖੂ। ਇਹ ਕਿਹੜੀ ਕਾਲੀ ਕਲੂਟੀ ਤੇ ਮੋਟੀ ਹੈ ਜੋ ਇਹਨੂੰ ਮੈਂ ਪਿਓ ਵਰਗੀ ਜਾ ਦਾਦੇ ਵਰਗੀ ਆਖਾਂ।' ਮੇਰੀ ਸੱਸ ਨੇ ਹੱਸ ਕੇ ਗੱਲ ਟਾਲ ਦਿੱਤੀ। ਪਰ ਕਈ ਦਿਨ ਮੇਰੀ ਸੱਸ ਖਿਝੀ ਖਿਝੀ ਜਿਹੀ ਰਹੀ ਮੇਰੇ ਤੇ ਵੀ ਤੇ ਮਾਸੀ ਮੂਰਤੀ ਤੇ ਵੀ। ਮੈਂ ਬੋਲੀ ਤੇ ਕੁਝ ਨਾ ਪਰ ਗੱਲ ਤੇ ਸਮਝਦੀ ਸੀ ਸਾਰੀ। ਜਦੋ ਆਪਣੇ ਸਿੱਕੇ ਚ ਖੋਟ ਹੀ ਹੋਵੇ ਤਾਂ ਬੰਦਾ ਕਿਸੇ ਨੂੰ ਦੋ± ਕਿਵੇ ਦੇਵੇ। ਇੱਥੇ ਆ ਕੇ ਮਸਲਾ ਨੂੰਹ ਅਤੇ ਧੀ ਦੇ ਫੇਰ ਚ ਅਟਕ ਜਾਂਦਾ ਹੈ। ਬੰਦਾ ਆਪਣਾ ਦਰਦ ਕਿਸ ਨੂੰ ਸੁਣਾਵੇ । ਮਾਂ ਰਹੀ ਨਹੀ। ਿਉਂਦੇ ਜੀ ਮਾਰਤੀ ਮੈਅ ਆਪੇ। ਤੇ ਸੱਸ ਕਦੇ ਮਾਂ ਬਣ ਨਹੀ ਸਕਦੀ। ਢਿੱਡ ਵਿੱਚ ਗਚੱਲ ਬਣੇ ਪਏ ਹਨ। ਜੇ ਕਦੇ ਅੱਖ ਚੋ ਹੰਝੂ ਕਿਰ ਪੈਣ ਤਾਂ ਮੇਰੀ ਸੱਸ ਟੁੱਟ ਕੇ ਪੈ ਜਾਂਦੀ ਹੈ "ਅਖੇ ਸੁੱਖ ਮੰਗਿਆ ਕਰ। ਤੇਰੇ ਘਰ ਆਲਾ ਸਾਰਾ ਦਿਨ ਡਰੈਵਰੀ ਕਰਦਾ ਹੈ। ਤੂੰ ਹੰਝੂ ਨਾ ਕੇਰਿਆ ਕਰ।' ਤੇ ਸੱਸ ਬੁੜ ਬੁੜ ਕਰਦੀ। ਸਾਰਾ ਦਿਨ ਕਿਸਮਤ ਨੂੰ ਵੀ ਨਹੀ ਰੋਇਆ ਜਾਂਦਾ। ਲਿਖਿਆਂ ਨੂੰ ਕੋਣ ਮੇਟ ਸਕਦਾ ਹੈ।

ਮਾਸੀ ਮੂਰਤੀ ਵੀ ਘਰੇ ਨਹੀ ਸੀ। ਗਈ ਹੋਊ ਕਿਸੇ ਦੇ ਖੰਡ ਪਾਠ ਤੇ। ' ਕਿਸੇ ਦੇ ਕੀਰਤਨ ਤੇ ਗਈ ਹੋਊ। ਮਾਸੀ ਨੂੰ ਕਿਹੜਾ ਘਰੇ ਟਿਕਾ ਆਉਂਦਾ ਹੈ। ਕੰਮ ਦਾ ਫਿਕਰ ਨਹੀ। ਨੂੰਹਾਂ ਕਰਣ ਨਾ ਕਰਣ। ਸਾਰੀ ਕਮਾਂਡ ਮਾਸੀ ਹੱਥ ਹੈ। ਮਾਸੜ ਨੂੰ ਉਹ ਟਿੱਚ ਕਰਕੇ ਜਾਣਦੀ ਹੈ। ਹੋਰ ਨਹੀ ਤਾਂ ਕਿਸੇ ਮਰਗ ਆਲੇ ਘਰੇ ਗਈ ਹੋਵੇਗੀ । ਕੋਈ ਮਰ ਜੇ ਬਸ ਮਾਸੀ ਨੂੰ ਪਤਾ ਲੱਗ ਜੇ ਸਹੀ। ਸਭ ਤੋਅ ਮੂਹਰੇ ਹੋਊ ਕੰਮ ਚ ਵੀ ਤੇ ਰੋਣ ਧੋਣ ਚ ਵੀ।ਜੇ ਕੋਈ ਜਨਾਨੀ ਮਰੀ ਹੋਵੇ ਤਾਂ ਅਗਲੇ ਦੀਆਂ ਨੂੰਹਾਂ ਨਹਾਉਣ ਨਾ ਨਹਾਉਣ ਬਸ ਨਹਾਊ ਮਾਸੀ ਹੀ। ਐਅ ਨਹਾਊ ਜਿਵੇ ਅਗਲੀ ਵੇਖਦੀ ਪਈ ਹੋਵੇ।ਆਉਂਦੀ ਮੈਂ ਮਾਸੀ ਦੀ ਨੂੰਹ ਨਾਲ ਗੱਲੀ ਲੱਗ ਪਈ। ਉਹ ਵੀ ਵਿਚਾਰੀ ਡਾਹਢੀ ਦੁੱਖੀ ਸੀ ਪੇਕਿਆ ਵਲੋਂ। ਕੋਈ ਭਰਾ ਨਹੀ ਹੈ ਉਸ ਦੇ। ਮਾਂ ਪਿਓ ਦੀ ਝੋਰਾ ਵੱਡ ਵੱਡ ਖਾਂਦਾ ਹੈ। ਮੇਰੇ ਤਾਂ ਸਭ ਕੁਝ ਸੀ ਮੈਂ ਗੰਵਾ ਲਿਆ ਆਪਣੇ ਹੱਥੀ।ਸੋਹਣੀ ਕੋਠੀ ਸੀ ਸਾਡੀ। ਸਹਿਰ ਚ ਨਾਂ ਸੀ ਮੇਰੇ ਡੈਡੀ ਜੀ ਦਾ। ਸਾਡੇ ਚਾਚੇ ਤਾਇਆ ਦਾ ਸਾਂਝਾ ਕਾਰੋਬਾਰ ਸੀ। ਘਰੇ ਤਿੰਨ ਤਿੰਨ ਕਾਰਾਂ, ਮੋਟਰ ਸਾਇਕਲ ਵੱਖਰੇ ਵੱਖਰੇ ਸਭਦੇ। ਬਸ ਮੱਤ ਹੀ ਮਾਰੀ ਗਈ ਮੇਰੀ। ਅਜੇ ਮੈਂ ਕਾਲਜ ਚ ਦਾਖਿਲਾ ਲਿਆ ਹੀ ਸੀ। ਮੈਂ ਡੈਡੀ ਜੀ ਨੂੰ ਕਿਹਾ ਮੈਨੂੰ ਐਕਟਿਵਾ ਲੈ ਦਿਉ। ਮੈਅ ਸਾਇਕਲ ਤੇ ਕਾਲਜ ਨਹੀ ਜਾਣਾ। ਡੈਡੀ ਜੀ ਵੀ ਮੰਨ ਗਏ । ਪਰ ਮੰਮੀ ਜੀ



ਕਹਿੰਦੇ ਪਹਿਲਾਂ ਤੂੰ ਪੂਰਾ ਸਾਇਕਲ ਸਿੱਖ ਲੈ। ਮਹੀਨੇ ਕੁ ਬਾਆਦ ਤੈਨੂੰ ਐਕਟਿਵਾ ਵੀ ਲੈ ਦਿਆਂਗੇ। ਕਿਉਕਿ ਮੇਰੀ ਮਾਸੀ ਦੀਆਂ ਦੋਨੇ ਕੁੜੀਆਂ ਕੋਲ ਐਕਟਿਵਾਂ ਸੀ ਤੇ ਮੰਮੀ ਦੀ ਰੀਝ ਵੀ ਸੀ। ਅਜੇ ਤੀਜਾ ਚੋਥਾ ਦਿਨ ਹੀ ਹੋਇਆ ਸੀ ਮੈਨੂੰ ਕਾਲਜ ਜਾਂਦੀ ਨੂੰ। ਫਾਟਕਾਂ ਤੇ ਮੇਰੀ ਚੁੰਨੀ ਫਸ ਗਈ ਸਾਇਕਲ ਦੀ ਚੈਨ ਵਿੱਚ ਤੇ ਮੈਅ ਧੜੱਮ ਦਿਨੇ ਥੱਲੇ ਡਿੱਗ ਪਈ ਤੇ ਲੋਕੀ ਇੱਕਠੇ ਹੋ ਗਏ। ਬਹੁਤੇ ਮੈਨੂੰ ਜਾਣਦੇ ਸੀ ਬਈ ਇਹ ਮਿੱਤਲਾਂ ਦੀ ਕੁੜੀ ਹੈ। ਸਾਰਿਆ ਨੇ ਮੈਨੂੰ ਖੜੀ ਕੀਤਾ ਤੇ ਮੇਰਾ ਹਾਲ ਪੁਛਿਆ। ਕੋਈ ਸੱਟ ਤੇ ਨਹੀ ਲੱਗੀ। ਮੇਰੇ ਗੋਡੇ ਤੇ ਜੋਰ ਦੀ ਸੱਟ ਵੱਜੀ ਸੀ ਤੇ ਮਾਸ ਵੀ ਛਿੱਲਿਆ ਗਿਆ ਸੀ ।ਪਰ ਮੈਂ ਡਰਦੀ ਨੇ ਕਿਸੇ ਨੂੰ ਨਹੀ ਦੱਸਿਆ। ਹੁਣ ਸੱਮਸਿਆ ਚੁੰਨੀ ਨੂੰ ਚੈਨ ਵਿੱਚੋਂ ਕੱਢਣ ਦੀ ਸੀ। ਇਹ ਵੀ ਭੀੜ ਵਿੱਚ ਸਾਮਿਲ ਸੀ ਤੇ ਇਹਨੇ ਇਕੱਲੇ ਨੇ ਪੋਣਾ ਘੰਟਾ ਮੱਥਾ ਮਾਰ ਕੇ ਸਾਇਕਲ ਤੁਰਣ ਜੋਗਾ ਕਰਤਾ।

ਉਸ ਦਿਨ ਤੋ ਬਾਅਦ ਤਾਂ ਇਹ ਆਪਣੇ ਆਪ ਨੂੰ ਹੀਰੋ ਹੀ ਸਮਝਣ ਲੱਗ ਗਿਆ ਆਪਣੇ ਆਪ ਨੂੰ।ਇਸ ਨੇ ਮੇਰਾ ਪਿੱਛਾ ਕਰਣਾ ਸੁਰੂ ਕਰ ਦਿੱਤਾ।ਹੋਲੀ ਹੋਲੀ ਮੈਂ ਪਿੰਘਲਦੀ ਗਈ ਤੇ ਇਹ ਆਪਣੇ ਮਿਸਨ ਚ ਕਾਮਜਾਬ ਹੁੰਦਾ ਗਿਆ। ਅਸੀ ਚੋਰੀ ਚੋਰੀ ਮਿਲਣ ਲੱਗ ਪਏ। ਮੈਨੂੰ ਇਸ ਦੀ ਗੋਤ ਘਰ ਬਾਰ ਦਾ ਪਤਾ ਨਹੀ ਲੱਗਿਆ। ਮੈਨੂੰ ਲੱਗਦਾ ਇਹ ਵੀ ਕਾਲਜ ਚ ਪੜ੍ਹਦਾ ਹੋਵੇਗਾ। ਜਦੋ ਵੀ ਮੈਂ ਪੁੱਛਣ ਦੀ ਕੋਸਿਸ ਕਰਦੀ ਤਾਂ ਮੈਨੂੰ ਇਹ ਗੱਲੀ ਬਾਤੀ ਟਾਲ ਦਿੰਦਾ। ਆਪਣੇ ਘਰ ਬਾਰੇ ਵੀ ਇਹਨੇ ਮੈਨੂੰ ਭੰਬਲ ਭੂਸੇ ਵਿੱਚ ਪਾਈ ਰੱਖਿਆ।ਦਿਨ ਬੀਤਦੇ ਗਏ ਤੇ ਸਾਡਾ ਇਸਕ ਅਗਲੀਆਂ ਮੰਜਿਲਾਂ ਸਰ ਕਰਦਾ ਗਿਆ। ਮੈਂ ਘਰਦਿਆਂ ਤੋ ਪੂਰੀ ਚੋਰੀ ਰੱਖਦੀ। ±ੱਕ ਦੀ ਕੋਈ ਗੁੰਜਾਇਸ ਹੀ ਨਹੀ ਸੀ। ਮੰਮੀ ਡੈਡੀ ਨੂੰ ਮੇਰੇ ਤੇ ਪੂਰਾ ਯਕੀਨ ਸੀ। ਵੈਸੇ ਵੀ ਮੈਨੂੰ ਸਾਰੇ ਭੋਲੀ ਹੀ ਸਮਝਦੇ ਸਨ। ਪਰ ਉਹਨਾਂ ਨੂੰ ਕੀ ਪਤਾ ਉਹਨਾਂ ਦੀ ਭੋਲੀ ਤੇ ਵੀ ਇ±ਕ ਦਾ ਭੂਤ ਸਵਾਰ ਹੋ ਗਿਆ ਸੀ। ਵੈਸੇ ਮਾਂ ਪਿਉ ਵੀ ਔਲਾਦ ਦੇ ਮੋਹ ਚ ਅੰਨੇ ਹੁੰਦੇ ਹਨ। ਚਾਹੇ ਸਾਰੀ ਦੁਨਿਆ ਆਖੀ ਜਾਵੇ ਇਹਨਾ ਨੂੰ ਆਪਣੀ ਔਲਾਦ ਹੀ ਸੱਚੀ ਲੱਗਦੀ ਹੈ। ਤੇ ਇਹ ਅੰਧ ਵਿ±ਵਾ± ਹੀ ਮੇਰੇ ਇ±ਕ ਦੀ ਪੋੜੀ ਬਣਿਆ। ਸਾਡੇ ਪਿਆਰ ਦਾ ਸਿਲਸਲਾ ਕਈ ਹੱਦਾ ਪਾਰ ਕਰ ਗਿਆ । ਪਾਰ ਹੀ ਨਹੀ ਸਗੋਂ ਇਉ ਕਹਿ ਲਵੋ ਕੋਈ ਹੱਦ ਬਾਕੀ ਨਹੀ ਸੀ ਰਹੀ। ਇਸ ਨੇ ਹੋਲੀ ਹੋਲੀ ਆਪਣੀ ਭੈਣ ਨੂੰ ਤੇ ਫਿਰ ਮਾਂ ਨੂੰ ਸਭ ਕੁਝ ਦੱਸ ਦਿੱਤਾ।

ਉਹ ਪਹਿਲਾਂ ਤਾਂ ਮੈਨੂੰ ਆਨੀ ਬਹਾਨੀ ਮਿਲੀਆਂ ਤੇ ਫਿਰ ਤਾਂ ਪੱਕਾ ਹੀ ਘਰ ਦੀ ਬਹੂ ਸਮਝ ਕੇ ਬੇਝਿਜਕ ਮਿਲਦੀਆਂ। ਸਾਡੀ ਜਾਣ ਪਹਿਚਾਣ ਦੇ ਇੱਕ ਦੋ ਲੋਕਾਂ ਨੇ ਸਾਨੂੰ ਦੇਖ ਲਿਆ। ਪਰ ਕਿਸੇ ਨੇ ਸਾਡੇ ਘਰੇ ਦੱਸਣ ਦੀ ਜੁਰਅਤ ਨਾ ਕੀਤੀ ਕਿਉਂਕਿ ਮੇਰੇ ਮੰਮੀ ਡੈਡੀ ਮੰਨਦੇ ਹੀ ਨਹੀ ਸਨ। ਤੇ ਜੇ ਕਿਸੇ ਭਲੇਮਾਨੁ± ਨੇ ਦੱਸਿਆ ਤਾਂ ਡੈਡੀ ਉਸ ਦੇ ਗੱਲ ਪੈ ਗਏ। ਮੈਨੂੰ ਪਤਾ ਸੀ ਕਿ ਸਾਡਾ ਵਿਆਹ ਨਹੀ ਹੋ ਸਕਦਾ। ਇਸ ਗੱਲ ਦਾ ਇਹਨਾ ਨੂੰ ਵੀ ਪਤਾ ਸੀ। ਸੋ ਹੋਲੀ ਹੋਲੀ ਇਹ ਮੈਨੂੰ ਕੋਰਟ ਮੈਰਿਜ ਦਾ ਪਾਠ ਪੜਾਉਣ ਲੱਗ ਪਏ।

ਇੱਕ ਦਿਨ ਇਹਨਾ ਨੇ ਬਹਾਨੇ ਨਾਲ ਮੇਰਾ ਦੱਸਵੀ ਦਾ ਸਰਟੀਫੀਕੇਟ ਮੰਗਵਾ ਲਿਆ। ਹੁਣ ਇਹਨਾ ਦਾ ਪਿਓ ਵੀ ਇਹਨਾ ਚ ±ਾਮਿਲ ਹੋ ਗਿਆ ਸੀ। ਮੈਨੂੰ ਬਾਦ ਚ ਪਤਾ ਲੱਗਿਆ ਕਿ ਇਹ ਸਾਰਾ ਮਸਲਾ ਡੈਡੀ ਤੋ ਮੋਟਾ ਪੈਸਾ ਵਸੂਲਣ ਦਾ ਸੀ। ਮੈਂ ਬਾਲਗ ਸੀ ਤੇ ਇਸਕ ਚ ਅੰਨੀ। ਮੈਂ ਘਰੋਂ ਇਹਨਾਂ ਦੇ ਕਹੇ ਅਨੁਸਾਰ ਪੈਸਾ ਤੇ ਜੇਵਰ ਲੈ ਕੇ ਚੰਡੀਗੜ੍ਹ ਪਹੁੰਚ ਗਈ ਤੇ ਅਸੀ ਕੋਰਟ ਮੈਰਿਜ ਕਰਵਾ ਲਈ। ਅਜੇ ਵੀ ਮੈਂ ਘਰਦਿਆਂ ਭਾਂਣੇ ਪੇਪਰ ਦੇਣ ਗਈ ਸੀ। ਜਦੋਂ ਮੈਂ ਘਰੇ ਆ ਕੇ ਸਾਰੀ ਗੱਲ ਦਾ ਖੁਲਾਸਾ ਕੀਤਾ ਤਾਂ ਘਰੇ ਕੋਹਰਮ ਮੱਚ ਗਿਆ। ਘਰ ਵਾਲੇ ਮੈਨੂੰ ਕੁਝ ਵੀ ਨਹੀ ਸਨ ਆਖ ਸਕਦੇ ਕਿਉਕਿ ਪੁਲਿਸ ਵਲੋਂ ਮੈਨੂੰ ਸੁਰੱਖਿਆ ਮਿਲੀ ਹੋਈ ਸੀ। ਮੇਰੀ ਮੰਮੀ ਨੇ ਮੇਰੀਆਂ ਖੂਬ ਮਿੰਨਤਾਂ ਕੀਤੀਆਂ ਅਖੇ ਤੂੰ ਮੁਕਰ ਜਾ। ਪਰ ਮੇਰੀਆਂ ਅੱਖਾਂ ਤੇ ਤਾਂ ਇ±ਕ ਦੀ ਪੱਟੀ ਸੀ।

ਮੈਂ ਆਪਣੇ ਮਾਪਿਆਂ ਦਾ ਰਾਜਭਾਗ ਛੱਡ ਕੇ ਇਹਨਾਂ ਦੀ ਖੋਲ਼ੀ ਚ ਆ ਗਈ। ਇਹ ਘਰ ਨਹੀ ਸੀ ਨਰਕ ਦਾ ਦੁਆਰ ਸੀ। ਚੁਲ੍ਹੇ ਤੇ ਫੂਕਾਂ ਮਾਰ ਮਾਰ ਕੇ ਮੈਂ ਖਾਣਾਂ ਬਨਾਉਦੀ ਤੇ ਆਪ ਭੁੱਖੀ ਸੋਂਦੀ। ਇਹਨਾ ਨੇ ਵੀ ਅਸਲੀ ਰੰਗ ਦਿਖਾਉਣਾ ਸੁਰੂ ਕਰ ਦਿੱਤਾ। ਮਾਪਿਆਂ ਨੇ ਵੀ ਮੇਰਾ ਵਰਕਾ ਫਾੜ ਦਿੱਤਾ ਅਖੇ ਅਸੀ ਸਮਝ ਲਾਂਗੇ ਕਿ ਸਾਡੀ ਤੇ ਜੰਮਦੀ ਮਰ ਗਈ ਸੀ।ਮੈਂ ਤੇ ਇਸ ਨੂੰ ਪਤੀ ਪ੍ਰਮੇ±ਵਰ ਮੰਨ ਲਿਆ ਸੀ ਪਰ ਇਹ ਤਾਂ ਡੈਡੀ ਦੇ ਪੈਸਿਆਂ ਨਾਲ ਆਪਣੀ ਟੈਕਸੀ ਪਾਉਣ ਦੀ ਸੋਚੀ ਬੈਠਾ ਸੀ। ਰਹਿੰਦੀ ਖੂੰਦੀ ਕਸਰ ਨਿੱਕੜੀ ਦੇ ਪੈਦਾ ਹੋਣ ਨਾਲ ਨਿਕਲ ਗਈ।ਅੱਜ ਦੇ ਜਮਾਨੇ ਚ ਧੀ ਦੇ ਪੈਦਾ ਹੋਣ ਤੇ ਹੀ ਘਰੇ ਸੋਗ ਮਨਾਉਣ ਲੱਗ ਜਾਂਦੇ ਹਨ। ਹੋਰ ਕੋਈ ਧੀਆਂ ਰਾਤ ਨੂੰ ਉਠੱਕੇ ਤਾਂ ਨਹੀ ਖਾਂਦੀਆਂ ।ਮਾਂ ਪਿਉ ਦੇ ਹੱਥ ਨਾਲ ਦਿੱਤੇ ਤੇ ਸਬਰ ਕਰ ਲੈਂਦੀਆਂ ਹਨ। ਪਰ ਜੇ ਧੀਆਂ ਦੇ ਲੇਖ ਚੰਗੇ ਹੋਣ ਤਾਂ। ਮੇਰੇ ਵਰਗੀਆਂ ਧੀਆਂ ਨੂੰ ਤਾਂ ਕੁੱਖ ਚ ਮਾਰਣ ਚ ਹੀ ਭਲਾ ਹੈ। ਮੇਰੀ ਸੱਸ ਨੂੰ ਕਿੰਨਾ ਦੁੱਖ ਹੁੰਦਾ ਹੈ ਜਦੋ ਕੋਈ ਮੇਰੀ ਧੀ ਨੂੰ ਮਾਂ ਵਰਗੀ ਆਖੇ ਤਾਂ। ਜੇ ਭਲਾ ਦੀ ਉਸ ਦੀ ਪੋਤੀ ਵੀ ਮਾਂ ਵਰਗੀ ਨਿੱਕਲ ਗਈ ਤਾਂ ਉਹ ਕਿਵੇਂ ਬਰਦਾਸਤ ਕਰਣਗੇ।ਤਾਂਹਿਓ ਤਾਂ ਮੇਰੀ ਸੱਸ ਆਖਦੀ ਹੈ ਅਖੇ ਇਹਨੂੰ ਮਾਂ ਵਰਗੀ ਨਾ ਆਖੋ।



**ਰਮੇਸ ਸੇਠੀ ਬਾਦਲ**
ਮੋ 98 766 27233

# ਇੰਡਕਸ਼ਨ ਪ੍ਰੋਗਰਾਮ ਔਰਗਨਾਈਜ SOE ਘਨੌਰੀਕਲਾਂ

**ਧੂਰੀ (ਰਮੇਸ਼ਵਰ ਸਿੰਘ)** ਅੱਜ ਸਕੂਲ ਆਫ ਐਮੀਨੈਂਸ ਘਨੌਰੀ ਕਲਾਂ ਵਿਖੇ ਇੱਕ ਇੰਡਕਸ਼ਨ ਪ੍ਰੋਗਰਾਮ ਕਰਵਾਇਆ ਗਿਆ । ਜਿਸ ਦੇ ਮੁੱਖ ਮਹਿਮਾਨ ਸ੍ਰੀ ਅਸ਼ੋਕ ਭੰਡਾਰੀ ਜਨਰਲ ਸਕੱਤਰ ਵਿਓਪਾਰ ਮੰਡਲ ਤੇ ਰਿਟੇਲ ਕਰਿਆਣਾ ਐਸੋਸੀਏਸ਼ਨ ਧੂਰੀ ਸਨ। ਉਹਨਾਂ ਨੇ ਬੱਚਿਆਂ ਨੂੰ ਜਿੰਦਗੀ ਦੇ ਵਿੱਚ ਗੋਲ ਬਣਾਕੇ ਅੱਗੇ ਵਧਣ ਤੇ ਆਪਣੇ ਆਪ ਤੇ ਨਿਰਭਰ ਹੋਣ ਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ।

ਉਨਾਂ ਨੇ ਕਿਹਾ ਕਿ ਜੇਕਰ ਬੱਚੇ ਸਰਕਾਰੀ ਸਕੂਲਾਂ ਦੇ ਵਿੱਚ ਮਨ ਲਗਾ ਕੇ ਪੜਨ ਤੇ ਟੀਚਰ ਦੇ ਸਹਿਯੋਗ ਦੇ ਨਾਲ ਉਹ ਵੀ ਇੱਕ ਦਿਨ ਵੱਡੇ ਅਫਸਰ ਬਣ ਸਕਦੇ ਹਨ ।

ਪ੍ਰਿੰਸੀਪਲ ਸ੍ਰੀ ਖੁਸ਼ਦੀਪ ਗੋਇਲ ਜੀ ਤੇ ਤੇ ਇੰਡਕਸ਼ਨ ਪ੍ਰੋਗਰਾਮ ਕੋਆਰਡੀਨੇਟਰ ਲੈਕਚਰਾਰ ਮਨੋਜ ਕੁਮਾਰ ਸ਼ਰਮਾ ਜੀ ਨੇ ਆਏ ਹੋਏ ਮੁੱਖ ਮਹਿਮਾਨ ਜੀ ਦਾ ਸਵਾਗਤ



ਕੀਤਾ ਤੇ ਧੰਨਵਾਦ ਆਖਿਆ । ਇਸ ਦੇ ਨਾਲ ਇੰਡਕਸ਼ਨ ਪ੍ਰੋਗਰਾਮ ਔਰਗਨਾਈਜਿੰਗ ਟੀਮ mrs. ਸਵਾਤੀ ਬਜ਼ਾਜ (lec. Eng.) ਮਰਸ. ਰਾਜਿੰਦਰ ਕੌਰ (lect. Phyiscs) ਮਰਸ. Bavy (lect. Commerce)mrs ਸੁਨੀਤਾ ਰਾਣੀ (lect. Politcal sicence) ਸਨ। ਸ੍ਰੀ ਅਸ਼ੋਕ ਭੰਡਾਰੀ ਜੀ ਨੇ ਸਕੂਲ ਦੇ ਦੋ ਵੱਖ ਵੱਖ ਬੱਚੇ ਫ਼ਿਰਸਟ and second ਦੋ ਲੜਕੇ ਦੋ ਲੜਕੀਆਂ ਨੂੰ ਸਨਮਾਨਿਤ ਕੀਤਾ ।

ਬੱਚਿਆਂ ਦੇ ਨਾਲ ਆਏ ਹੋਏ ਉਹਨੇ ਮਾਤਾ ਪਿਤਾ ਨੂੰ ਵੀ ਪ੍ਰੇਰਿਤ ਕੀਤਾ ਕਿ ਬੱਚਿਆਂ ਨੂੰ ਪੜਾ ਲਿਖਾ ਕੇ ਅੱਗੇ ਲਿਆਇਆ ਜਾਵੇ । ਅਖੀਰ ਦੇ ਵਿੱਚ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਚੰਗੀ ਸਿਹਤ ਤੇ ਚੰਗੇ ਵਿਚਾਰ ਤੇ ਦਿਲ ਲਗਾ ਕੇ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਅਖੀਰ ਦੇ ਵਿੱਚ ਬੱਚਿਆਂ ਨੇ ਖੜੇ ਹੋ ਕੇ ਤਾਲੀਆਂ ਮਾਰ ਕੇ ਸਵਾਗਤ ਮੁਖ ਮਹਿਮਾਨ ਦੇ ਵਿਚਾਰਾਂ ਦਾ ਸਵਾਗਤ ਕੀਤਾ।

# ਬੁੱਧ ਚਿੰਤਨ: ਲੋਕਾਂ ਨੂੰ ਲੱਗੀਆਂ ਜੋਕਾਂ

ਦਿੱਲੀ ਵਿੱਚ ਵੋਟ ਚੋਰ ਗੱਦੀ ਛੋੜ ਦੇ ਨਾਅਰੇ ਗੂੰਜ ਰਹੇ, ਪਿੰਡ ਦੀ ਸੱਥ ਤੋਂ ਸੰਸਦ ਭਵਨ ਤੱਕ ਵੋਟ ਚੋਰੀ ਕਰਨ ਦੀਆਂ ਲੀਰਾਂ ਉਧੜ ਰਹੀਆਂ ਹਨ। ਇਧਰ ਪੰਜਾਬ ਦੇ ਲੋਕ ਪ੍ਰਧਾਨਗੀ ਨੂੰ ਲੈ ਕੇ ਇੱਕ ਦੂਜੇ ਦੇ ਬਖੀਏ ਉਧੇੜ ਬੁਣ ਰਹੇ ਹਨ। ਅਸਲੀ ਤੇ ਨਕਲੀ, ਦਿੱਲੀ ਦੇ ਯਾਰ ਕੌਣ ਹਨ ? ਇੱਕ ਦੂਜੇ ਨੂੰ ਪੁਛਿਆ ਜਾ ਰਿਹਾ ਹੈ। ਮਸਲਾ ਤਾਂ ਗੁਰੂ ਜੀ ਗੋਲਕ ਤੇ ਸੱਤਾ ਹਾਸਲ ਕਰਨ ਦਾ ਹੈ। ਹੋਰ ਕੋਈ ਨਹੀਂ ਪੰਜਾਬ ਦੇ ਲੋਕਾਂ ਦੀ ਹਾਲਤ ਕੀ ਹੈ, ਇਸ ਲਈ ਕੋਈ ਸੰਘਰਸ਼ ਕਰਨ ਦੀ। ਕੁਰਸੀ ਖਾਤਿਰ ਲੜਾਈ ਹੈ।

ਲੈਂਡ ਪੂਲਿੰਗ ਬਰਾਂਡ ਦੀ ਇੱਕ ਗਿੱਦੜ ਚਿੱਠੀ ਨੇ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਠੰਢਾ ਕਰ ਦਿੱਤਾ। ਇਸ ਚਿੱਠੀ ਉਪਰ ਕੋਈ ਤਾਰੀਖ ਨਹੀਂ, ਡਾਇਰੀ ਨੰਬਰ ਨਹੀਂ, ਕਿਸਨੂੰ ਲਿਖੀ ਹੈ, ਕੋਈ ਪਤਾ ਨਹੀਂ। ਜਦੋਂ ਇਹ ਸੋਸ਼ਲ ਮੀਡੀਆ ਰਾਹੀਂ ਲੋਕਾਂ ਤਾਂ ਪੁੱਜੀ। ਲੋਕ ਪੁੱਠੀਆਂ ਛਾਲਾਂ ਮਾਰਨ ਲੱਗੇ। ਪਰ ਕਾਨੂੰਨੀ ਮਾਹਿਰਾਂ ਨੇ ਇਸਨੂੰ ਗਿੱਦੜ ਚਿੱਠੀ ਹੀ ਸਮਝਿਆ ਹੈ। ਕਿਉਂਕਿ ਦਿੱਲੀ ਦੇ ਧਾੜਵੀਆਂ ਨੇ ਲੈਂਡ ਪੂਲਿੰਗ ਸਕੀਮ ਵਿਧਾਨ ਸਭਾ ਵਿੱਚ ਪਾਸ ਕਰਵਾਈ ਸੀ। ਹੁਣ ਇਸ ਨੀਤੀ ਨੂੰ ਕੈਬਨਿਟ ਦੀ ਮੀਟਿੰਗ ਵਿੱਚ ਰੱਦ ਕਰਨਾ ਪਵੇਗਾ ਤੇ ਫੇਰ ਵਿਧਾਨ ਸਭਾ ਵਿੱਚ। ਤਾਂ ਇਹ ਨੀਤੀ ਖ਼ਤਮ ਹੋਵੇਗੀ। ਇਹ ਤਾਂ ਕਿਸਾਨਾਂ ਦਾ ਜੋਸ਼ ਮੱਠਾ ਕਰਨ ਲਈ ਮਿੱਠੀਆਂ ਗੋਲੀਆਂ ਨਾਲ ਸਾਰਿਆ ਹੈ।

ਪੰਜਾਬ ਨੂੰ ਸੁਚੇਤ ਰਹਿਣ ਦੀ ਲੋੜ ਹੈ, ਪੰਜਾਬ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਜਾਰੀ ਰੱਖਣ ਦੀ ਲੋੜ ਹੈ। ਕਿਉਂਕਿ ਇਹਨਾਂ ਝੂਠਿਆਂ ਉਪਰ ਵਿਸਵਾਸ਼ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਹਨਾਂ ਦੀ ਬੁਨਿਆਦ ਹੀ ਝੂਠ ਉਤੇ ਖੜੀ ਹੈ। ਤੁਸੀਂ ਇਹਨਾਂ ਦਾ ਕਿਸਾਨਾਂ ਪ੍ਰਤੀ ਜਾਗੇ ਹੇਜ

ਦੇ ਇਕੋ ਜਿਹੇ ਬਿਆਨ ਪੜ੍ਹ ਲਏ ਹਨ।

ਜਿਵੇਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਇਸ ਗਿੱਦੜ ਚਿੱਠੀ ਦਾ ਚੀਰ ਫਾੜ ਕੀਤਾ ਹੈ, ਉਸਨੂੰ ਸਮਝਣ ਦੀ ਲੋੜ ਹੈ। ਜੰਗ ਜਾਰੀ ਰੱਖਣ ਦੀ ਲੋੜ ਹੈ। ਕਿਉਂਕਿ ਹੁਣ ਕੇਂਦਰ ਤੇ ਪੰਜਾਬ ਸਰਕਾਰ ਰਲ਼ ਕੇ ਕੋਈ ਨਵਾਂ ਹਮਲਾ ਕਰਨਗੇ। ਸਿਆਣਿਆਂ ਨੂੰ ਇਸ਼ਾਰਾ ਬਹੁਤ ਹੁੰਦਾ ਹੈ। ਇਸ ਵਕਤ ਆਮ ਲੋਕਾਂ ਦੀ ਹਾਲਤ ਇਹ ਬਣ ਗਈ/ ਬਣਾ ਦਿੱਤੀ ਜਾਂ ਬਣਾ ਲਈ ਹੈ, ਕੁੱਝ ਵੀ ਸਮਝ ਲਵੋ। ਜਦੋਂ ਸਮਾਜ ਵਿੱਚ ਕੋਈ ਸੰਕਟ ਆਉਂਦਾ ਐ, ਸਿਆਸਤ ਨਾਲ ਹੀ ਆ ਵੜਦੀ ਐ। ਆਪਣੇ ਸਿਆਸੀ ਵਿਰੋਧੀ ਨੂੰ ਬਦਨਾਮ ਕਰਨ/ ਖਤਮ ਕਰਨ ਲਈ ਸਾਜਿਸ਼ ਸ਼ੁਰੂ ਹੋ ਜਾਂਦੀ ਹੈ। ਦੁਨੀਆ ਦੇ ਸਰਮਾਏਦਾਰੀ ਨੇ ਬਿਜਨਸ ਵਿੱਚ ਵਾਧਾ ਕਰਨ ਲਈ ਜਿਹੜੀ ਇਸ ਸਮੇਂ ਖੇਡ ਖੇਡੀ ਐ। ਉਸ ਦੀ ਲਪੇਟ ਆਪ ਵੀ ਆ ਗਏ।

ਸਾਡੇ ਦੇ ਹਾਕਮਾਂ ਨੂੰ ਪਤਾ ਸੀ ਉਹ ਕੰਨ ਵਲੇਟੀਂ ਰੱਖੇ।ਹੁਣ ਜਦੋਂ ਸਥਿਤੀ ਦਿਨ ਬ ਦਿਨ ਗੰਭੀਰ ਹੋ ਰਹੀ ਐ ਤਾਂ ਬਚਾ ਦੇ ਨਾਲੋਂ ਸਿਆਸਤ ਵੱਧ ਧਿਆਨ ਵੱਧ ਹੋ ਗਿਆ। ਦੇਸ਼ ਰਾਜ ਕਰਦਾ ਸ਼੍ਰੇਣੀ ਨੇ ਇਸ ਬੀਮਾਰੀ ਨੂੰ ," ਹਿੰਦੂ ਮੁਸਲਮਾਨ " ਦੇ ਵਿੱਚ ਬਦਲਣ ਲਈ ਹਰ ਕੋਸ਼ਿਸ਼ ਸ਼ੁਰੂ ਕਰ ਦਿੱਤੀ ਹੈ। ਦੇਸ਼ ਵਿੱਚ ਅਕਲ ਤੋ ਬਿਨਾਂ ਕਿਸੇ ਚੀਜ਼ ਦਾ ਘਾਟਾ ਨਹੀਂ। ਸਾਰੇ ਸੱਤਾਧਾਰੀ ਗਾਇਬ ਹਨ। ਲੋਕ ਇਕ ਦੂਜੇ ਦਾ ਸਹਾਰਾ ਬਣ ਰਹੇ ਹਨ।

ਲੋਕਾਂ ਦੇ ਟੈਕਸ ਉਤੇ 585000 ਹਜ਼ਾਰ ਦੇ ਵਿੱਚ ਵੀ ਵੀ ਆਈ ਪੀ ਹਨ। ਅਰਬਾਂ ਰੁਪਏ ਤਨਖਾਹ/ਪੈਨਸ਼ਨ ਲੈਂਦੇ ਹਨ। ਦੇਸ਼ ਵਿੱਚ ਸਿਆਸਤ ਤੋਂ ਕੁੱਝ ਵੀ ਨਹੀਂ। ਮੈਡੀਕਲ ਸਹੂਲਤਾਂ ਨਹੀਂ। ਬਿਨਾ ਹਥਿਆਰ ਦੇ ਡਾਕਟਰੀ ਅਮਲਾ ਇਸ ਮਹਾਮਾਰੀ ਖਿਲਾਫ ਜੰਗ ਲੜਦਾ ਹੈ। ਹਵਨ/ ਪੂਜਾ/ ਗ ਊ ਮੂਤਰ/ ਗਊ ਗੋਬਰ ਦੀ ਸਿਆਸਤ ਚਲ ਰਹੀ ਐ। ਲੋਕਾਂ ਨੂੰ ਭੁੱਖ ਨਾਲ ਲੜਨ ਲਈ ਹੁਕਮ ਜਾਰੀ ਹੋ ਰਹੇ ਹੜ ਲੋਕ ਬਾਗੀ। ਇਸ ਬਗਾਵਤ ਦਾ ਨਤੀਜਾ ਕੀ ਨਿਕਲੇਗਾ? ਇਹ ਕੋਈ ਨਹੀਂ ਜਾਣਦਾ। ਜਿਹਨਾਂ ਪਤਾ ਸੀ ਇਸ ਦਾ ਉਹ ਵਿਦੇਸ਼ ਤੋਂ ਸਪੈਸ਼ਲ ਜਹਾਜ਼ ਰਾਹੀਂ ਸੁਰੱਖਿਆ ਘਰ ਲਿਆਂਦੇ। ਆਮ ਲੋਕਾਂ ਲਈ ਮਰਨ ਵਾਸਤੇ ਹੁਕਮ ਸੁਣਾ ਦਿੱਤਾ। ਪਰ ਜਿਹਨਾਂ ਲੋਕਾਂ ਦੇ ਦਿੱਤੇ ਟੈਕਸ ਜਿਹੜੇ ਸਿਆਸੀ ਲੋਕ ਪਲਦੇ ਹਨ, ਉਹਨਾਂ ਲਈ ਛੱਡ ਵੀ ਅਸਮਾਨ ਐ ਤੇ ਗੈਦ ਲਈ ਧਰਤੀ ਐ।ਇਹ ਸੱਚ ਹੈ ਕਿ ਬਹੁਗਿਣਤੀ ਅਵਾਮ ਨੂੰ ਪਤਾ ਨਹੀਂ ਕਿ ਉਹ ਟੈਕਸ ਦੇਦੇ ਹਨ ਤੇ ਦੈਂਦੇ ਕਿਵੇਂ ਹਨ?

ਲੋਕ ਤਾਂ ਅਮਦਨ ਤੇ ਲੱਗਣ ਵਾਲਾ ਟੈਕਸ ਦੈਂਦੇ ਹਨ ਤੇ ਕਈ ਸੀ ਏ ਦੀ ਕਿਰਪਾ ਦੇ ਨਾਲ ਵਿੰਗੇ ਟੇਡੇ ਢੰਗ ਨਾ਼ਲ ਰਾਹਤ ਵੀ ਲੈਂਦੇ ਹਨ. ਇਹ ਲੋਕ ਉਹ ਹਨ ਜਿਹਨਾਂ ਦੀ ਸਰਕਾਰੇ ਦਰਬਾਰੇ ਪਹੁੰਚ ਹੈ। ਵੱਡੀਆਂ ਫੈਕਟਰੀਆਂ ਤੇ ਕੰਪਨੀਆਂ ਦੇ ਮਾਲਕ ਹਨ.ਜੋ ਇੱਕ ਪਾਸੇ ਮਜ਼ਦੂਰਾਂ ਦਾ ਲਹੂ ਪੀਦੇ ਹਨ ਤੇ ਦੂਜੇ ਟੈਕਸ ਬਚਾਉਣ ਲਈ ਹਰ ਤਰ੍ਹਾਂ ਦੀ ਹੇਰਾਫੇਰੀ ਕਰਦੇ ਹਨ. ਜਦਕਿ ਦੂਜੇ ਪਾਸੇ ਦੇਸ਼ ਦੇ ਲੋਕ ਤਾਂ ਕੋਈ ਵੀ ਵਸਤੂ ਖਰੀਦਣ ਤੋਂ ਪਹਿਲਾਂ ਹੀ ਇਹ ਟੈਕਸ ਦੇ ਅਦਾ ਕਰਦੇ ਹਨ..ਕਿਉਂਕਿ ਹਰ ਵਸਤੂ ਦੇ ਉਪਰ ਪਹਿਲਾਂ ਹੀ ਟੈਕਸ ਲੱਗਿਆ ਹੁੰਦੇ ਹੈ....ਤੁਸੀਂ ਸਵੇਰੇ ਤੋਂ ਟੈਕਸ ਭਰਦੇ ਚਾਹ ਦੁੱਧ,ਚੀਨੀ,ਗੈਸ, ਬਿਜਲੀ .ਪਾਣੀ, ਦਾਲਾਂ. ਕੱਪੜੇ.ਮੋਬ-ਾਇਲ ਤੇਲ.ਜ਼ਮੀਨ ਵੇਚਣ ਖਰੀਦਣ ਤੇ ਸਭ ਤੋਂ ਵੱਧ ਸ਼ਰਾਬ ਤੇ ਸਿਰਗਟ ਤੇ ਤਮਾਖੂ ਤੇ....ਲੋਕ ਟੈਕਸ ਦੇ ਵਸਤੂਆਂ ਖਰੀਦ ਦੇ ਹਨ...ਜਿਹੜੀਆਂ ਕੰਪਨੀਆਂ ਤੇ ਫੈਕਟਰੀਆਂ ਇਹ ਸਮਾਨ ਬਣਾਉਣਦੀਆਂ ਨੇ ਉਹਨਾਂ ਨੇ ਸਰਕਾਰਾਂ ਨੂੰ ਉਹ ਟੈਕਸ ਦੇਣਾ ਹੁੰਦੇ ...ਸਰਕਾਰਾਂ ਨੇ ਇਸ ਦੇ ਨਾਲ ਦੇਸ਼ ਦਾ ਵਿਕਾਸ ਕਰਨਾ ਹੁੰਦੇ ...ਸਰਕਾਰੀ ਮੁਲਾਜ਼ਮਾਂ ਤਨਖਾਹ ਤੇ ਪੈਨਸ਼ਨ ਦੇਣੀਆਂ ਹੁੰਦੀਆਂ ਹਨ.....

ਸਰਕਾਰ ਲੋਕਾਂ ਦੇ ਦਿੱਤੇ ਟੈਕਸ ਦੇ ਨਾ਼ਲ ਸੜਕਾਂ ਬਣਾਉਣਦੀ ਹੈ...ਫੇਰ ਲੋਕਾਂ ਤੋਂ ਟੋਲ ਟੈਕਸ ਵਸੂਲਦੀ ਹੈ..ਲੋਕ ਚੁੱਪਚਾਪ ਦੇਈ ਜਾਂਦੇ ਹਨ.ਕੋਈ ਉਜਰ ਨਹੀਂ ਕਰਦਾ...ਜੇ ਕੋਈ ਸਿਆਸੀ ਆਗੂ ਇਸ ਦਾ ਵਿਰੋਧ ਕਰਦਾ ਹੈ ਤਾਂ ਉਹ ਆਪਣਾ ਹਿੱਸੇ ਲਈ ਕਰਦੈ... ਜਿਹੜੀ ਪੁਲਿਸ ਹੱਕਾਂ ਲਈ ਸੰਘਰਸ਼ ਕਰਦੇ ਲੋਕਾਂ ਨੂੰ ਕੁੱਟਦੀ ਹੈ..ਮਾਰਦੀ ਹੈ..ਉਹ ਵੀ ਲੋਕਾਂ ਦੇ ਦਿੱਤੇ ਟੈਕਸ ਦੇ ਵਿੱਚੋਂ ਤਨਖਾਹ ਲੈਂਦੀ ਹੈ.. ਚਪੜਾਸੀ ਤੋਂ ਮੁੱਖ ਸਕੱਤਰ ਤੱਕ...ਸਰਪੰਚ ਤੋ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਤੱਕ...ਸਭ ਸੁੱਖ ਸਹੂਲਤਾਂ ਤੇ ਐਸ਼ ਲੋਕਾਂ ਦੇ ਸਿਰ ਤੇ ਕਰਦੇ ਹਨ।

ਜਦੋ ਰੋਡ ਟੈਕਸ ਤਾਂ ਫੇਰ ਟੋਲ ਟੈਕਸ ਕਿਉਂ ?

ਲੋਕਾਂ ਦੀ ਦੂਹਰੀ ਲੁੱਟ ਹੁੰਦੀ ਹੈ ਤੇ ਲੋਕ ਕਰਵਾ ਰਹੇ ਹਨ ।

ਸਰਕਾਰਾਂ ਨੇ ਜਦੋਂ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਦੇਣਾ। ਸਿੱਖਿਆ ਨਹੀਂ ਦੇਣੀ.ਸਿਹਤ ਦੀ ਸੰਭਾਲ ਲਈ ਹਸਪਤਾਲ ਤੇ ਮੁਫ਼ਤ ਇਲਾਜ ਨਹੀਂ ਕਰਨਾ ਤੇ ਫੇਰ ਟੈਕਸ ਕਿਉਂ ਦੇਣਾ ਹੈ? ਪਰ ਲੋਕਾਂ ਦੇ ਨਾ਼ਲ ਦਿਨ ਵੇ਼ਲੇ ਠੱਗੀ ਮਾਰੀ ਜਾ ਰਹੀ ਹੈ..

ਜਨਤਕ ਅਦਾਰਿਆਂ ਨੂੰ ਬਦਨਾਮ ਕਰਨ ਲਈ ਭ੍ਰਿਸ਼ਟਾਚਾਰ ਫੈਲਾਇਆ ਗਿਆ, ਮੁਲਾਜ਼ਮ ਵਰਗ ਦੀਆਂ ਤਨਖਾਹਾਂ ਵਧਾ ਕੇ.ਉਹਨਾਂ ਦੇ ਚੰਗਲੇ ਸੁਆਦ ਬਣਾ ਦਿੱਤੇ ..

ਸਰਕਾਰੀ ਸਕੂਲ , ਕਾਲਜ ਤੇ ਯੂਨੀਵਰਸਿਟੀਆਂ ਦੇ ਵਿੱਚ ਅਧਿਆਪਕ ਘੱਟ ਕੀਤੇ ..ਤਾਂ ਕਿ ਨਿੱਜੀਕਰਨ ਵੱਲ ਵਧਿਆ ਜਾ ਸਕੇ । 2020 ਦੀ ਸਿੱਖਿਆ ਨੀਤੀ ਬਹੁਤ ਖਤਰਨਾਕ ਹੈ ।

ਸਿਹਤ, ਸਿਖਿਆ, ਰੁਜ਼ਗਾਰ ਤੇ ਸਮਾਜਿਕ ਸੁਰੱਖਿਆ ਦਾ ਬੁਨਿਆਦੀ ਤੇ ਸੰਵਿਧਾਨਕ ਹੱਕ ਖੋਹ ਕੇ...ਸਭ ਪਾਸੇ ਨਿੱਜੀ ਕੰਪਨੀਆਂ ਨੂੰ ਖੁਲ੍ਹ ਦਿੱਤੀ।

ਸਿਹਤ ਦਾ ਇਲਾਜ ਮਹਿੰਗਾ ਹੋਇਆ ਹੈ, ਤੁਸੀਂ ਆਪਣਾ ਇਲਾਜ ਨਹੀਂ ਕਰਵਾ ਸਕਦੇ। ਨਿੱਜੀ ਹਸਪਤਾਲ ਤੇ ਸਿੱਖਿਆ ਅਦਾਰੇ ਲੁੱਟ ਦੇ ਅੱਡੇ ਬਣ ਗਏ ਹਨ ਤੇ ਜਿਥੇ ਇਲਾਜ ਦੇ ਬਹਾਨੇ ਲੁੱਟਮਾਰ ਹੁੰਦੀ ਹੈ।

ਨਕਲੀ ਦਵਾਈਆਂ ਤੇ ਨਕਲੀ ਖਾਣ ਵਾਲੀਆਂ ਵਸਤੂਆਂ ਨੇ ਲੋਕਾਂ ਨੂੰ ਮਰਨ ਲਈ ਮਜਬੂਰ ਕਰ ਦਿੱਤਾ।

ਕੌਣ ਹਨ ਜੋ ਨਕਲੀ ਕਾਰੋਬਾਰ ਕਰਦੇ ਹਨ..ਸਾਡੇ ਹੀ ਭੈਣ ਭਰਾ ਤੇ ਦੋਸਤ ਮਿੱਤਰ ਹਨ। ਪੰਜਾਬੀ ਜਾ ਭਾਰਤੀ ਹੀ ਹਨ। ਨਕਲੀ ਧੰਦੇ ਦਾ ਕੌਣ ਕਾਰੋਬਾਰ ਕਰਦਾ ਹੈ. ਨਕਲੀ ਦੁੱਧ ਪੀਣ ਨਾਲ ਲੋਕਾਂ ਦੀਆਂ ਮੁਸ਼ਕਲਾਂ ਵਧੀਆਂ ਹਨ। ਹਸਪਤਾਲਾਂ ਵਿੱਚ ਮਰੀਜ਼ਾਂ ਦੀਆਂ ਰੌਣਕਾਂ ਵਧਣ ਲੱਗੀਆਂ ਹਨ। ਲੋਕ ਤਮਾਸ਼ਾ ਤੱਕਦੇ ਹਨ।ਸਭ ਦਾ ਸਭ ਨੂੰ ਪਤਾ ਹੈ...ਪਰ ਸਭ ਚੁੱਪ ਹਨ..ਆਪਾਂ ਕੀ ਲੈਣਾ ."।ਜੋ ਕਰੂਗਾ ਤੇ ਭਰੂਗਾ" ਆਖਦੇ ਹਨ. ਜਦੋਂ ਅਸੀਂ ਹਰ ਤਰ੍ਹਾਂ ਦਾ ਟੈਕਸ ਅਦਾ ਕਰਦੇ ਹਾਂ .ਫਿਰ ਕਿਉਂ ਪਲ ਪਲ ਮਰਦੇ ਹਾਂ ..ਕਿਉਂ ਨਹੀਂ ਮੁਢਲੀ ਤੇ ਉਚੇਰੀ ਸਿਖਿਆ ਤੱਕ ਮੁਫ਼ਤ ਦਿੱਤੀ ਜਾਂਦੀ .? ਕਿਉਂ ਨਹੀਂ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਨਹੀਂ ਹੁੰਦੇ ? ਕਿਉਂ ਨਹੀਂ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਦੀਆਂ ?

ਸਰਕਾਰੀ ਮੁਲਾਜ਼ਮ ਤੇ ਮੰਤਰੀ ਦਾ ਇਲਾਜ ਕਿਉਂ ਸਰਕਾਰੀ ਖਰਚੇ ਉਤੇ ਹੁੰਦਾ ਹੈ ?

ਕਿਰਤੀ ਭੁੱਖ ਨਾਲ ਮਰਦੇ ਹਨ, ਵਿਹਲੜ ਸਿਆਸਤਦਾਨ ਹਰ ਤਰ੍ਹਾਂ ਦੀਆਂ ਸੁਖ ਸਹੂਲਤਾਂ ਨਾਲ ਪਲਦੇ ਹਨ। ਕਈ 2 ਪੈਨਸ਼ਨਾਂ ਲੈਣ ਵਾਲੇ ਸਿਆਸੀ ਵਿਹਲੜ ਸਭ ਲਾਪਤਾ ਹਨ। ਉਹ ਮੌਜਾਂ ਕਰਦੇ ਹਨ । ਆਮ ਲੋਕ ਪਲ ਪਲ ਤੇ ਹਰ ਸਾਹ ਮਰਦੇ ਹਨ. ਲੋਕਾਂ ਨੂੰ ਇੱਕਠੇ ਹੋਣ ਤੋਂ ਰੋਕਣ ਲਈ ਜਾਤੀਆਂ ਤੇ ਧਰਮਾਂ ਵਿੱਚ ਵੰਡਿਆ ਹੋਇਆ ਹੈ...

ਅਗਿਆਨ ਦੀ ਨੇਰੀ ਆਉਣ ਕਰਕੇ ਚਾਰੇ ਪਾਸੇ ਚੁੱਪ ਹੈ...ਨਾ ਬੋਲਣ ਦਾ ਹੀ ਦੁੱਖ ਹੈ।

'ਜੋ ਬੋਲੇ ਉਹੀ ਗਦਾਰ" ਦੇਸ਼ ਧ੍ਰੋਹੀ ਹੈ. ਕਲਮਾਂ ਦੇ ਸਿਰ ਕਤਲ ਕੀਤੇ ਜਾ ਰਹੇ ਹਨ..ਮੀਡੀਆ ਨੂੰ ਰਖੇਲ ਬਣਾਇਆ ਹੈ...ਜੋ ਉਹ ਹੀ ਦਿਖਾਉਣ ਲਈ ਪੱਬਾਂ ਭਾਰ ਹੈ ਜੋ ਸਰਕਾਰ ਚਾਹੁੰਦੀ ਹੈ। ਲੋਕਾਂ ਨੂੰ ਧਰਮ ਦੇ ਨਾਂ ਤੇ ਲੁੱਟਿਆ ਤੇ ਮਾਰਿਆ ਜਾ ਰਿਹਾ ਹੈ ਲੋਕਾਂ ਨੂੰ ਵੱਖ ਵੱਖ ਖੇਮਿਆਂ ਵਿੱਚ ਵੱਡਿਆਂ ਹੋਇਆ ਹੈ...ਲੋਕਾਂ ਦੇ ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ ਕਾਨੂੰਨ ਦੇ ਹਥਿਆਰਾਂ ਨਾਲ ਦਬਾਇਆ ਜਾ ਰਿਹਾ ਹੈ... ਲੋਕਾਂ ਨੂੰ ਆਪਣੇ ਹੱਕਾਂ ਲਈ ਇੱਕ ਦਿਨ ਤਾਂ ਇਕੱਠਾ ਹੋਣਾ ਪੈਣਾ ਹੈ...ਹੁਣ ਵੀ ਜੇ ਲੋਕ ਨਾ ਜਾਗੇ ਤੇ ਇਕੱਠੇ ਹੋਏ ਤਾਂ ਫੇਰ ਅਗਲੀਆਂ ਨਸਲਾਂ ਨੂੰ ਕੀ ਦੱਸੋਗੇ....?..ਇਸ ਸਮੇਂ ਆਮ ਲੋਕਾਂ ਨੂੰ ਸਮਝ ਆਉਣੀ ਚਾਹੀਦੀ ਐ।ਆਪਣੇ ਤੇ ਪਰਾਏ ਦਾ ਫਰਕ ਪਤਾ ਲੱਗ ਗਿਆ ਹੈ। ਇਹ ਸੰਕਟ ਦੇਸ਼ ਨੂੰ ਬਦਲ ਵੀ ਸਕਦਾ ਤੇ ਤਬਾਹ ਵੀ ਕਰ ਸਕਦਾ। ਹੁਣ ਸੂਰਜ ਕਿਧਰ ਚੜ੍ਹਾਈ ਕਰਦਾ ?



ਬੁੱਧ ਸਿੰਘ ਨੀਲੋਂ
94643 70823

# ਜਸ਼ਨ ਅਜ਼ਾਦੀ

ਸੰਨ ਸੰਤਾਲੀ ਦੀ ਅਜ਼ਾਦੀ
ਹਰ ਘਰ ਪੁੱਜੀ ਲੈ ਬਰਬਾਦੀ
ਹੱਸਦੇ ਵਸਦੇ ਘਰ ਸੀ ਉਜੜੇ
ਚੁੱਲੇ ਉਘੇ ਘਾਹ ਵੇ ਅੜਿਆ
ਕਿਵੇਂ ਮਨਾਵਾ ਜਸ਼ਨ ਅਜ਼ਾਦੀ
ਨਿਕਲ ਜਾਂਦੀ ਏ ਧਾਹ ਵੇ ਅੜਿਆ

ਨਫ਼ਰਤ ਦੀ ਅੱਗ ਵਿਚ, ਸੜ ਗਈ
ਪਿਆਰ ਦੀ ਸੰਘਣੀ ਛਾਂ ,ਵੇ ਅੜਿਆ
ਇਧਰ ਕਿਸੇ ਦਾ ਬਾਪ ਮਾਰਿਆ
ਉਧਰ ਮਾਰੀ ਮਾਂ ਵੇ ਅੜਿਆ
ਕਿਵੇਂ ਮਨਾਵਾ ਜਸ਼ਨ ਅਜ਼ਾਦੀ
ਨਿਕਲ ਜਾਂਦੀ ਏ ਧਾਹ ਵੇ ਅੜਿਆ

ਹਰ ਪਾਸੇ ਪਿਆ ਚੀਕ ਚਿਹਾੜਾ
ਅੱਗ ਦੇ ਲਾਂਬੂ ਈਰਖਾ ਸਾੜਾ
ਕਿਸ ਚੰਦਰੇ ਨੇ ਪਾਇਆ ਪਾੜਾ
ਉਜੜੇ ਮੰਜਲੋ ਰਾਹ ਵੇ ਅੜਿਆ
ਕਿਵੇਂ ਮਨਾਵਾ ਜਸ਼ਨ ਅਜ਼ਾਦੀ
ਨਿਕਲ ਜਾਂਦੀ ਏ ਧਾਹ ਵੇ ਅੜਿਆ

ਹਰ ਪਾਸੇ ਪਏ ਟੁਕੇ ਵੱਢੇ
ਰੋ -ਰੋ ਵੰਸਦੇ ਘਰ ਜਦ ਛੱਡੇ
ਖ਼ੂਨ ਨਾ ਲਿੱਬੜੇ ਰੇਲਾਂ, ਗੱਡੇ
ਕਾਹਦਾ ਚੰਦੀ ,ਚਾਅ ਦੇ ਅੜਿਆ
ਕਿਵੇਂ ਮਨਾਵਾ ਜਸ਼ਨ ਅਜ਼ਾਦੀ
ਨਿਕਲ ਜਾਂਦੀ ਏ ਧਾਹ ਵੇ ਅੜਿਆ॥



**ਹਰਜਿੰਦਰ ਸਿੰਘ ਚੰਦੀ**
**ਮਹਿਤਪੁਰ**

# ਇਹੋ ਜਹੀ ਆਜ਼ਾਦੀ

ਕਾਮੇ ਸਾਰਾ ਦਿਨ ਕੰਮ ਕਰਦੇ ਕਾਰਖਾਨਿਆਂ ਦੇ ਵਿੱਚ,
ਥੋੜ੍ਹਾ ਕੰਮ ਹੋਇਆ ਵੇਖ ਮਾਲਕ ਜਾਂਦਾ ਏ ਖਿੱਝ,
ਜਦ ਮੰਗਣ ਮਜ਼ਦੂਰੀ, ਉਹ ਅੱਖਾਂ ਲਾਲ ਕਰੇ।
ਇਹੋ ਜਹੀ ਆਜ਼ਾਦੀ ਨਾ ਕਿਸੇ ਨੂੰ ਮਿਲੇ।
ਪਿੰਡ, ਪਿੰਡ ਖੁੱਲ੍ਹ ਗਏ ਨੇ ਸ਼ਰਾਬ ਦੇ ਠੇਕੇ,
ਸ਼ਰਾਬੀ ਪਤੀਆਂ ਤੋਂ ਅੱਕ ਪਤਨੀਆਂ ਤੁਰੀ ਜਾਣ ਪੇਕੇ,
ਸੁਪਨੇ ਪੜ੍ਹਨ ਦੇ ਬੱਚਿਆਂ ਦੇ ਪੂਰੇ ਕੌਣ ਕਰੇ?
ਇਹੋ ਜਹੀ ਆਜ਼ਾਦੀ ਨਾ ਕਿਸੇ ਨੂੰ ਮਿਲੇ।
ਮੁੱਠੀ ਭਰ ਪਰਿਵਾਰਾਂ ਦਾ ਇੱਥੇ ਰੱਖਿਆ ਜਾਏ ਖਿਆਲ,
ਉਨ੍ਹਾਂ ਨੂੰ ਮਿਲੇ ਸਭ ਕੁੱਝ, ਬਾਕੀ ਵਜਾਣ ਖਾਲੀ ਥਾਲ,
ਅੱਕੀ ਜਨਤਾ ਪਤਾ ਨਹੀਂ ਕਿਹੜੇ ਰਾਹ ਤੁਰ ਪਵੇ।
ਇਹੋ ਜਹੀ ਆਜ਼ਾਦੀ ਨਾ ਕਿਸੇ ਨੂੰ ਮਿਲੇ।
ਹਰ ਮਹਿਕਮੇ ਚੋਂ ਨੌਕਰੀਆਂ ਖਤਮ ਕੀਤੀਆਂ ਜਾ ਰਹੀਆਂ,
ਪਹਿਲਾਂ ਲੱਗਿਆਂ ਦੀਆਂ ਤਨਖਾਹਾਂ ਘਟਾਈਆਂ ਜਾ ਰਹੀਆਂ,
ਬੇਰੁਜ਼ਗਾਰ ਮੁੰਡੇ, ਕੁੜੀਆਂ ਤੇ ਕੋਈ ਤਰਸ ਨਾ ਕਰੇ।
ਇਹੋ ਜਹੀ ਆਜ਼ਾਦੀ ਨਾ ਕਿਸੇ ਨੂੰ ਮਿਲੇ।
ਪੂਰੀ ਮਿਹਨਤ ਕਰਕੇ ਕਿਸਾਨ ਫਸਲ ਉਗਾਵੇ,
ਔਖਾ ਹੋ ਕੇ ਉਹ ਮੰਡੀ 'ਚ ਫਸਲ ਲੈ ਕੇ ਜਾਵੇ,
ਹੋਵੇ ਡਾਢਾ ਨਿਰਾਸ਼, ਜਦ ਉੱਥੇ ਪੂਰਾ ਮੁੱਲ ਨਾ ਮਿਲੇ।
ਇਹੋ ਜਹੀ ਆਜ਼ਾਦੀ ਨਾ ਕਿਸੇ ਨੂੰ ਮਿਲੇ।
ਕਹਿੰਦੇ ਆਇਆ ਪੰਦਰਾਂ ਅਗਸਤ, ਖੁਸ਼ੀਆਂ ਮਨਾਓ,
ਸਭ ਕੁੱਝ ਭੁੱਲ ਕੇ, ਸਾਰੇ ਰਲ ਭੰਗੜੇ ਪਾਓ,
ਢਿੱਡੋਂ ਭੁੱਖੇ ਢਿੱਡ ਭਰਨ ਲਈ ਜਾਣ ਕਿਸ ਦੇ ਘਰੇ।
ਇਹੋ ਜਹੀ ਆਜ਼ਾਦੀ ਨਾ ਕਿਸੇ ਨੂੰ ਮਿਲੇ।



**ਮਹਿੰਦਰ ਸਿੰਘ ਮਾਨ**
**ਸਲੋਹ ਰੋਡ**
**ਨਵਾਂ ਸ਼ਹਿਰ-9915803554**

**(आजादी के संग्राम में शहीद होने वाला बॉंके चमार)**

# वो बांके चमार था

## (मनहरण घनाक्षरी छंद)

खदेड़ता अंग्रेज को, बचानें हिंद देश को,
ले के अपनी टोलियां, भरता हुंकार था।
वो हौसला था वीर का, अरि का दिल चीरता,
मचाता हाहाकार था, वो बांका चमार था।



वो लाडला दिलेर था, भारत वीर शेर था,
कुआरपुर गांव का, बेटा होनहार था।
वो देश हित झूमता, धरा की मांग चूमता,
फौलाद सा सीना लिए, वो बांका चमार था।

अठाई सौ सत्तावन, विद्रोह का था आलम,
आजादी पाने के लिए, हर कोई तैयार था।
कफन बांध के चला,मस्ताना हो के काफिला।
सब का सरदार था, वो बॉंके चमार था।

होली थे खेले खून की, वो हद थी जनून की,
अंग्रेजों की गुलामी ने ,ढाया अत्याचार था।
अठारह जवान थे, भारत मां की शान थे,
ले रहा प्रतिकार था, वो बॉंके चमार था।

रमां शंकर तिवारी, मुखबिर पड़ा था भारी,
बता ठिकाना बॉंके का, देश का गद्दार था।
पकड़ा गया वीर था, क्रांति का रणधीर था,
फॉसी पे लटका दिया, वो बॉंके चमार था।

इतिहास बता रहा , भारत को जगा रहा ,
भूला दिया शहीद को, क्या गुनाहगार था?
वो देश हित मर गया, वतन आजाद कर गया,
आओ याद करें हम, जो बॉंके चमार था।

**शिव सान्याल मकड़ाहन**
**ज्वाली कांगड़ा हि.प्र**

# ਬੀਤੇ ਦਾ ਪਛਤਾਵਾ, ਭਵਿੱਖ ਦਾ ਨੁਕਸਾਨ

ਜ਼ਿੰਦਗੀ ਦਾ ਸਫ਼ਰ ਅਸਲ ਵਿੱਚ ਉਤਰਾਅ-ਚੜ੍ਹਾਅ, ਮੋੜਾਂ ਅਤੇ ਮੌਕਿਆਂ ਨਾਲ ਭਰਪੂਰ ਹੈ। ਕਈ ਵਾਰ ਅਸੀਂ ਇਨ੍ਹਾਂ ਮੌਕਿਆਂ ਨੂੰ ਪਛਾਣ ਕੇ ਉਨ੍ਹਾਂ ਦਾ ਫ਼ਾਇਦਾ ਉਠਾ ਲੈਂਦੇ ਹਾਂ, ਪਰ ਕਈ ਵਾਰ ਡਰ, ਝਿਜਕ ਜਾਂ ਹੋਰ ਕਿਸੇ ਕਾਰਨ ਅਸੀਂ ਉਨ੍ਹਾਂ ਨੂੰ ਗੁਆ ਦਿੰਦੇ ਹਾਂ। ਜਦੋਂ ਅਸੀਂ ਪਿੱਛੇ ਮੁੜ ਕੇ ਦੇਖਦੇ ਹਾਂ, ਤਾਂ ਇਹ ਪਛਤਾਵਾ ਸਾਨੂੰ ਘੇਰ ਲੈਂਦਾ ਹੈ। ਇਹ ਪਛਤਾਵਾ ਸੁਭਾਵਿਕ ਹੈ, ਪਰ ਜੇ ਇਹ ਸਾਡੇ 'ਤੇ ਭਾਰੂ ਹੋ ਜਾਵੇ, ਤਾਂ ਇਹ ਸਾਡੀ ਸੋਚਣ ਸ਼ਕਤੀ ਅਤੇ ਇੱਛਾ ਸ਼ਕਤੀ ਨੂੰ ਖ਼ਤਮ ਕਰ ਸਕਦਾ ਹੈ, ਜੋ ਕਿ ਸਾਡੇ ਲਈ ਬਹੁਤ ਖ਼ਤਰਨਾਕ ਸਾਬਤ ਹੋ ਸਕਦਾ ਹੈ।

ਇੱਕ ਪੁਰਾਣੀ ਕਹਾਵਤ ਹੈ, "ਗੁਆਚੇ ਮੌਕਿਆਂ ਦਾ ਪਛਤਾਵਾ ਕਰਦਿਆਂ, ਕਈ ਹੋਰ ਅਵਸਰ ਗੁਆਚ ਜਾਂਦੇ ਹਨ।" ਇਹ ਕਹਾਵਤ ਸਾਨੂੰ ਬਹੁਤ ਹੀ ਮਹੱਤਵਪੂਰਨ ਸਬਕ ਸਿਖਾਉਂਦੀ ਹੈ। ਜੋ ਮੌਕੇ ਸਾਡੇ ਹੱਥੋਂ ਨਿਕਲ ਗਏ, ਉਨ੍ਹਾਂ ਬਾਰੇ ਸੋਚ-ਸੋਚ ਕੇ ਪਛਤਾਵਾ ਕਰਨਾ ਅੱਗੇ ਆਉਣ ਵਾਲੇ ਹੋਰ ਮੌਕਿਆਂ ਨੂੰ ਗੁਆਉਣ ਦੇ ਬਰਾਬਰ ਹੈ। ਜੇ ਅਸੀਂ ਬੀਤੇ ਦੀਆਂ ਗੱਲਾਂ ਨੂੰ ਫੜੀ ਬੈਠੇ ਰਹਾਂਗੇ, ਤਾਂ ਸਾਡਾ ਅੱਜ ਦਾ ਸਮਾਂ ਵੀ ਬਰਬਾਦ ਹੋ ਜਾਵੇਗਾ ਅਤੇ ਅਸੀਂ ਭਵਿੱਖ ਵਿੱਚ ਵੀ ਤਰੱਕੀ ਨਹੀਂ ਕਰ ਸਕਾਂਗੇ।



ਇਸ ਗੱਲ ਨੂੰ ਸਮਝਣ ਲਈ, ਚਲੋ ਇੱਕ ਨੌਜਵਾਨ ਕਾਰੋਬਾਰੀ ਦੀ ਕਹਾਣੀ ਲੈਂਦੇ ਹਾਂ। ਕੁਝ ਸਾਲ ਪਹਿਲਾਂ ਉਸ ਨੂੰ ਇੱਕ ਵੱਡੇ ਨਿਵੇਸ਼ ਦਾ ਮੌਕਾ ਮਿਲਿਆ, ਪਰ ਉਸ ਨੇ ਡਰ ਕੇ ਉਹ ਮੌਕਾ ਗੁਆ ਦਿੱਤਾ। ਅੱਜ, ਜਦੋਂ ਉਹ ਦੇਖਦਾ ਹੈ ਕਿ ਉਸ ਨਿਵੇਸ਼ ਨੇ ਕਿੰਨੀ ਤਰੱਕੀ ਕੀਤੀ ਹੈ, ਤਾਂ ਉਹ ਲਗਾਤਾਰ ਪਛਤਾਵਾ ਕਰਦਾ ਹੈ। ਇਸ ਪਛਤਾਵੇ ਕਾਰਨ ਉਸ ਦਾ ਧਿਆਨ ਆਪਣੇ ਮੌਜੂਦਾ ਕੰਮਾਂ ਤੋਂ ਹਟ ਜਾਂਦਾ ਹੈ। ਉਸ ਦੀ ਸੋਚਣ ਸ਼ਕਤੀ ਪ੍ਰਭਾਵਿਤ ਹੁੰਦੀ ਹੈ ਅਤੇ ਇਸੇ ਕਰਕੇ ਉਹ ਹੋਰ ਨਵੇਂ ਮੌਕੇ ਗੁਆ ਰਿਹਾ ਹੈ। ਉਸ ਦਾ ਧਿਆਨ ਸਿਰਫ਼ ਉਸ ਗੁਆਚੇ ਹੋਏ ਇੱਕ ਮੌਕੇ 'ਤੇ ਹੀ ਟਿਕਿਆ ਹੋਇਆ ਹੈ, ਜਿਸ ਕਾਰਨ ਕਈ ਹੋਰ ਚੰਗੇ ਮੌਕੇ ਉਸ ਦੇ ਹੱਥੋਂ ਨਿਕਲ ਰਹੇ ਹਨ।

ਇਹ ਸਥਿਤੀ ਸਿਰਫ਼ ਕਾਰੋਬਾਰ ਤੱਕ ਸੀਮਿਤ ਨਹੀਂ ਹੈ। ਇਹ ਸਾਡੀ ਨਿੱਜੀ ਜ਼ਿੰਦਗੀ ਵਿੱਚ ਵੀ ਦੇਖੀ ਜਾ ਸਕਦੀ ਹੈ। ਇੱਕ ਵਿਦਿਆਰਥੀ ਜੋ ਕਿਸੇ ਪ੍ਰੀਖਿਆ ਵਿੱਚ ਚੰਗੇ ਨੰਬਰ ਨਹੀਂ ਲੈ ਸਕਿਆ, ਜੇਕਰ ਉਹ ਲਗਾਤਾਰ ਉਸੇ ਗੱਲ ਦਾ ਪਛਤਾਵਾ ਕਰਦਾ ਰਹੇ, ਤਾਂ ਉਹ ਅਗਲੀ ਪ੍ਰੀਖਿਆ ਦੀ ਤਿਆਰੀ 'ਤੇ ਧਿਆਨ ਨਹੀਂ ਦੇ ਪਾਵੇਗਾ। ਇਸ ਨਾਲ ਉਸ ਦੇ ਭਵਿੱਖ ਵਿੱਚ ਹੋਰ ਮੌਕੇ ਖ਼ਤਮ ਹੋ ਜਾਣਗੇ।

ਪਛਤਾਵਾ ਇੱਕ ਅਜਿਹਾ ਜਾਲ ਹੈ ਜੋ ਸਾਨੂੰ ਪਿੱਛੇ ਖਿੱਚਦਾ ਹੈ। ਇਸ ਤੋਂ ਬਚਣ ਲਈ ਸਾਨੂੰ ਸਿੱਖਣਾ ਚਾਹੀਦਾ ਹੈ ਕਿ ਅਤੀਤ ਦੀਆਂ ਗਲਤੀਆਂ ਤੋਂ ਸਿਰਫ਼ ਸਬਕ ਲਈਏ, ਪਰ ਉਨ੍ਹਾਂ ਨੂੰ ਆਪਣਾ ਭਵਿੱਖ ਨਾ ਬਣਨ ਦੇਈਏ। ਸਾਨੂੰ ਆਪਣੇ ਵਰਤਮਾਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਜੇਕਰ ਕੋਈ ਮੌਕਾ ਹੱਥੋਂ ਨਿਕਲ ਗਿਆ ਹੈ, ਤਾਂ ਇਹ ਸੋਚੋ ਕਿ ਅਸੀਂ ਉਸ ਤੋਂ ਕੀ ਸਿੱਖ ਸਕਦੇ ਹਾਂ ਅਤੇ ਭਵਿੱਖ ਵਿੱਚ ਅਜਿਹੀ ਗਲਤੀ ਦੁਬਾਰਾ ਨਾ ਕਰਨ ਦੀ ਕੋਸ਼ਿਸ਼ ਕਰੀਏ।

ਜ਼ਿੰਦਗੀ ਦਾ ਫ਼ਲਸਫ਼ਾ ਇਹ ਹੈ ਕਿ ਜੋ ਹੋ ਗਿਆ, ਉਸ ਨੂੰ ਬਦਲਿਆ ਨਹੀਂ ਜਾ ਸਕਦਾ, ਪਰ ਜੋ ਹੋਣ ਵਾਲਾ ਹੈ, ਉਸ ਨੂੰ ਅਸੀਂ ਆਪਣੀ ਮਿਹਨਤ ਅਤੇ ਸਮਝਦਾਰੀ ਨਾਲ ਬਦਲ ਸਕਦੇ ਹਾਂ। ਇਸ ਲਈ, ਪਛਤਾਵੇ ਦੀ ਬਜਾਏ, ਅੱਗੇ ਵਧਣ ਦਾ ਫ਼ੈਸਲਾ ਕਰੋ। ਨਵੇਂ ਮੌਕਿਆਂ ਦੀ ਭਾਲ ਕਰੋ ਅਤੇ ਉਨ੍ਹਾਂ ਦਾ ਫ਼ਾਇਦਾ ਉਠਾਓ। ਇਹ ਹੀ ਜ਼ਿੰਦਗੀ ਨੂੰ ਸਫ਼ਲ ਬਣਾਉਣ ਦਾ ਸਹੀ ਤਰੀਕਾ ਹੈ।



**ਜਤਿੰਦਰ ਸ਼ਰਮਾ ਈ.ਟੀ.ਟੀ. ਅਧਿਆਪਕ**
**ਸ.ਪ.ਸ. ਵਾਂਦਰ ਪੱਤੀ ਕੋਟ ਸ਼ਮੀਰ (ਬਠਿੰਡਾ)**
**ਮੋਬਾਈਲ ਨੰਬਰ: 9501475400**


Namo Buddhaye
DHAMMA WAVES
Jai Bheem
Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com
Follow Us : www.Dhammawaves.com Dhammawaves
E-mail : dhammawaves.info@gmail.com
Bhikkhu Gyanalok
PRO.SUMEDH NAGDEVA
Dhamm Desa By : Bhikkhu Gyanalok (Lucknow)
Bhikkhu Topic : Reason for Sidharth Gautam Leaving the home
सिद्धारथ गोतम के ग्रह छोड़ने का कारण।
ਸਿਧਾਰਥ ਗੌਤਮ ਦੇ ਘਰ ਛੱਡਣ ਦਾ ਕਾਰਨ
Program : Sunday Aug 17th, at 8 pm Indian
Guest Speaker : Pro. Sumedh Nagdeva
डॉ बाबासाहेब अंबेडकर का स्वप्न : दशा और दिशा

# ਵਿਕਟੋਰੀਆ ਚ ਧੂਮ ਧੜੱਕੇ ਨਾਲ ਸਮਾਪਤ ਹੋਇਆ ਸਲਾਨਾ ਖੇਡ ਮੇਲਾ

## ਵੱਡੀ ਗਿਣਤੀ ਵਿੱਚ ਖਿਡਾਰੀਆਂ ਨੇ ਕੀਤੀ ਸ਼ਿਰਕਤ









ਕੈਪਸ਼ਨ ਵਿਕਟੋਰੀਆ ਚ ਆਯੋਜਿਤ ਕਰਵਾਏ ਗਏ ਖੇਡ ਮੇਲੇ ਦੇ ਵੱਖ-ਵੱਖ ਦ੍ਰਿਸ਼।

**ਵਿਕਟੋਰੀਆ (ਕੈਨੇਡਾ ) ਅਗਸਤ (ਮਲਕੀਤ ਸਿੰਘ )**-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਰਾਜਧਾਨੀ ਵਿਕਟੋਰੀਆ ਚ ਸਥਾਨਕ ਪੰਜਾਬੀ ਭਾਈਚਾਰੇ ਵੱਲੋਂ ਹਰ ਸਾਲ ਦੀ ਤਰ੍ਹਾਂ ਐਤਕੀ ਵੀ ਕਰਵਾਇਆ ਗਿਆ ਸਾਲਾਨਾ ਖੇਡ ਮੇਲਾ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਧੂਮ ਧੜੱਕੇ ਨਾਲ ਸਮਾਪਤ ਹੋ ਗਿਆ ਇਸ ਸਬੰਧੀ ਵਿਸਥਾਰਤ ਜਾਣਕਾਰੀ ਦਿੰਦਿਆਂ ਉਕਤ ਖੇਡ ਮੇਲੇ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਲਗਾਤਾਰ ਦੋ ਦਿਨ ਕਰਵਾਏ ਗਏ ਇਸ ਖੇਡ ਮੇਲੇ ਦੌਰਾਨ ਫੁੱਟਬਾਲ ,ਵਾਲੀਬਾਲ ,ਰੱਸਾਕੱਸੀ ਅਤੇ ਹੋਰ ਖੇਡਾਂ ਦੇ ਮੁਕਾਬਲੇ ਕਰਵਾਏ ਗਏ ।ਜਿਸ ਵਿੱਚ ਵੱਡੀ ਗਿਣਤੀ ਚ ਖਿਡਾਰੀਆਂ ਨੇ ਸ਼ਿਰਕਤ ਕਰਕੇ ਆਪਣੇ ਸਰੀਰਕ ਬਲ ਦਾ ਪ੍ਰਦਰਸ਼ਨ ਕੀਤਾ।। ਉਹਨਾਂ ਦੱਸਿਆ ਕਿ ਇਸ ਖੇਡ ਮੇਲੇ ਦੌਰਾਨ ਫੁੱਟਬਾਲ ਓਪਨ ਮੁਕਾਬਲਿਆਂ ਦੌਰਾਨ ਐਬਸਫੋਰਡ ਯੂਨਾਈਟਡ ਦੀ ਟੀਮ ਪਹਿਲੇ ਨੰਬਰ ਤੇ ਅਤੇ ਵਿਕਟੋਰੀਆ ਏਕਤਾ ਦੀ ਟੀਮ ਦੂਸਰੇ ਸਥਾਨ ਤੇ ਰਹੀ। ਵਾਲੀਬਾਲ ਮੁਕਾਬਲਿਆਂ ਦੌਰਾਨ ਬੈਂਸ ਬ੍ਰਦਰ ਦੀ ਟੀਮ ਪਹਿਲੇ ਸਥਾਨ ਤੇ ਰਹੀ ਅਤੇ ਕਿਉ ਪੀਜ਼ਾ ਦੀ ਟੀਮ ਦੂਜੇ ਸਥਾਨ ਤੇ ਰਹੀ। ਫੁੱਟਬਾਲ ਦੇ ਓਪਨ ਮੁਕਾਬਲਿਆਂ ਦੌਰਾਨ ਵਿਕਟੋਰੀਆ ਸਪੋਰਟਸ ਕਲੱਬ ਦੀ ਟੀਮ ਪਹਿਲੇ ਸਥਾਨ ਤੇ ਰਹੀ ਅਤੇ ਡੈਲਟਾ ਟਾਈਟਨਸ ਦੀ ਟੀਮ ਦੂਸਰੇ ਸਥਾਨ ਤੇ ਰਹੀ। ਉਹਨਾਂ ਇਹ ਵੀ ਦੱਸਿਆ ਕਿ ਇਸ ਖੇਡ ਮੇਲੇ ਦੌਰਾਨ ਰੱਸਾਕੱਸੀ ਦੇ ਕਰਾਏ ਗਏ ਦਿਲਚਸਪ ਮੁਕਾਬਲਿਆਂ ਦੌਰਾਨ ਸੁਪਰੀਮ ਗਟਰਜ ਅਤੇ ਲੇ ਇੱਟ ਬਲੈਕ ਪੇਮੰਗ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਸੀ ਵੀ ਡਿਪੈਂਡ ਰਜ ਕੋਰਟਨੀ ਦੀ ਟੀਮ ਦੂਸਰੇ ਸਥਾਨ ਤੇ ਰਹੀ। ਇਸ ਖੇਡ ਮੇਲੇ ਦੌਰਾਨ ਔਰਤਾਂ ਦੇ ਦੌੜ ਮੁਕਾਬਲੇ ਵੀ ਕਰਵਾਏ ਗਏ। ਖੇਡ ਮੇਲੇ ਦੇ ਦੇ ਆਯੋਜਕਾਂ ਵੱਲੋਂ ਖੇਡ ਮੇਲੇ ਚ ਸ਼ਾਮਿਲ ਹੋਏ ਖਿਡਾਰੀਆਂ ਸਪੌਸਰਾ ਅਤੇ ਸਭ ਲੋਕਾਂ ਦਾ ਧੰਨਵਾਦ ਕੀਤਾ ਗਿਆ।

# ਕਿੰਝ ਮਨਾਈਏ ਆਜ਼ਾਦੀ?

ਅਸੀਂ ਵੀ ਆਜ਼ਾਦੀ ਦੇ ਜਸ਼ਨ ਮਨਾਉਣਾ ਚਾਹੁੰਦੇ ਹਾਂ
ਗਿੱਧੇ, ਭੰਗੜੇ, ਗੀਤ ਖੁਸ਼ੀ ਦੇ ਗਾਉਣਾ ਚਾਹੁੰਦੇ ਹਾਂ
ਫੜ ਕੇ ਹੱਥਾਂ ਵਿੱਚ ਤਿਰੰਗਾ ਲਹਿਰਾਉਣਾ ਚਾਹੁੰਦੇ ਹਾਂ
ਘਰਾਂ ਨੂੰ ਰੰਗ ਬਰੰਗੀਆਂ ਰੋਸ਼ਨੀਆਂ ਨਾਲ ਸਜਾਉਣਾ ਚਾਹੁੰਦੇ ਹਾਂ ।
ਪਰੰਤੂ ! ਇਹ ਸਾਰੇ ਜਸ਼ਨ ਕਿਉਂ ਮਨਾਈਏ ?
ਉਹਦੀ ਆਮਦ 'ਤੇ ਕਿਉਂ ਮਹਿਫ਼ਲਾਂ ਸਜਾਈਏ ?
ਕਿਵੇਂ ਕਹਾਂ ਭਾਰਤ ਦੀ ਆਜ਼ਾਦੀ ਦਾ ਦਿਨ ਸੀ
ਬਲਕਿ ਬਰਬਾਦੀ ਦਾ ਦਿਨ ਸੀ ।
ਮਹਾਨ ਭਾਰਤ ਵਿਰਾਨ ਹੋ ਗਿਆ
ਇੱਕ ਹਿੰਦੋਸਤਾਨ ਹੋ ਗਿਆ
ਇੱਕ ਪਾਕਿਸਤਾਨ ਹੋ ਗਿਆ ।
ਸਰਹੱਦਾਂ ਮਜ਼ਬੂਤ ਹੋਈਆਂ
ਭਾਈਚਾਰਕ ਸਾਂਝਾਂ ਇੱਕ ਦੂਜੇ ਤੋਂ ਦੂਰ ਹੋਈਆਂ ।
ਲੋਕ ਮਜ਼ਹਬ ਦੇ ਨਾਂ 'ਤੇ ਵੰਡੇ ਗਏ
ਇੱਕ ਦੂਜੇ ਦੀਆਂ ਹੱਦਾਂ ਵਿੱਚੋਂ ਜਬਰੀ ਕੱਢੇ ਗਏ ।
ਲੱਖਾਂ ਲੋਕ ਇਸ ਆਜ਼ਾਦੀ ਦੀ ਭੇਂਟ ਚੜ੍ਹ ਗਏ
ਇੱਕ ਦੂਜੇ ਦੇ ਖ਼ਿਲਾਫ਼ ਖੜ੍ਹ ਗਏ ।
ਪਰੰਤੂ ਆਜ਼ਾਦ ਦੇਸ਼ ਵਿੱਚ



ਮੇਰੇ ਲੋਕਾਂ ਨੇ ਸੋਚਿਆ ਸੀ
ਕੁੱਝ ਨਵਾਂ ਹੋਣਾ ਲੋਚਿਆ ਸੀ ।
ਸ਼ਾਇਦ ਬਦਲ ਜਾਣਗੀਆਂ ਤਕਦੀਰਾਂ
ਬਣਾਂਗੇ ਮਾਲਕ ਜਗੀਰਾਂ ।
ਪਰ ਕੀ ਪਤਾ ਸੀ
ਰੋਟੀ, ਕੱਪੜਾ, ਮਕਾਨ ਤੋਂ ਵਾਂਝੇ ਰਹਿਣਗੇ
ਆਏ ਦਿਨ ਜ਼ੁਲਮ ਸਹਿੰਦੇ ਰਹਿਣਗੇ ।
ਪਰੰਤੂ !
ਮੇਰੇ ਲੋਕਾਂ ਲਈ ਇਹ ਆਜ਼ਾਦੀ
ਬਸ ਸੁਪਨਾ ਬਣ ਕੇ ਰਹਿ ਗਈ
ਤਕੜਿਆਂ ਦੇ ਅੱਗੇ ਢਹਿ ਗਈ ।
ਅਛੂਤ ਅਛੂਤ ਹੀ ਰਹੇ
ਦੋਹਰੀ ਗੁਲਾਮੀ ਤੋਂ ਮਿਲੀ ਨਾ ਆਜ਼ਾਦੀ
ਬੇਸ਼ੱਕ ਸਭ ਤੋਂ ਜ਼ਿਆਦਾ ਹੈ ਅਬਾਦੀ ।
ਦਲਿਤ ਔਰਤਾਂ ਨਾਲ ਹੋ ਰਹੇ ਬਲਾਤਕਾਰ
ਰੋਜ਼ਾਨਾ ਹੋ ਰਹੀਆਂ ਭੇੜੀਆਂ ਦਾ ਸ਼ਿਕਾਰ
ਜ਼ਿੰਦਗੀ ਨੂੰ ਸਮਝਦੀਆਂ ਭਾਰ ।



**ਧਰਮ ਪਾਲ ਪੈਂਥਰ ਯੂ ਐਸ ਏ ਆਜ਼ਾਦੀ ਦਿਵਸ ਦੇ ਵਿਸ਼ੇਸ਼ ਮੌਕੇ ਤੇ**

# ਬੋਧ ਗਯਾ ਮੁਕਤੀ ਅੰਦੋਲਨ ਦੇ ਤਹਿਤ ਮਸ਼ਾਲ ਮਾਰਚ 17 ਨੂੰ ਜਲੰਧਰ ਤੋਂ ਨਕੋਦਰ, ਫਗਵਾੜਾ ਲਈ ਰਵਾਨਾ ਹੋਵੇਗੀ

## ਥਾਂ- ਥਾਂ ਸਵਾਗਤ ਕੀਤਾ ਜਾਵੇਗਾ






**ਜਲੰਧਰ (ਪਰਮਜੀਤ ਜੱਸਲ)**–ਬੋਧ ਗਯਾ ਮੁਕਤੀ ਅੰਦੋਲਨ ਦੇ ਤਹਿਤ ਪੰਜਾਬ ਦੇ ਬੋਧੀ ਭਾਈਚਾਰੇ ਵਲੋਂ ਮਸ਼ਾਲ ਮਾਰਚ ,17 ਅਗਸਤ 2025, ਦਿਨ ਐਤਵਾਰ ,ਸਵੇਰੇ 10 ਵਜੇ ਡਾ. ਅੰਬੇਡਕਰ ਭਵਨ ਜਲੰਧਰ ਤੋਂ ਭਿਖਸ਼ੂ ਸੰਘ -ਭੰਤੇ ਚੰਦਰ ਕੀਰਤੀ, ਭੰਤੇ ਰੇਵਤ ਜੀ, ਭਿਖਸ਼ੂਣੀ ਧੰਮ ਜੋਤੀ ਆਗਰਾ, ਭਿਖਸ਼ੂਣੀ ਧੰਮ ਨੰਦਾ ਸਹਾਰਨਪੁਰ, ਭਿਖਸ਼ੂਣੀ ਖੇਮਾ ਆਗਰਾ ਅਤੇ ਬੋਧੀ ਭਾਈਚਾਰੇ ਦੇ ਆਗੂਆਂ ਐਡਵੋਕੇਟ ਹਰਭਜਨ ਸਾਂਪਲਾ, ਹੁਸਨ ਲਾਲ ਬੌਧ, ਚੰਚਲ ਬੌਧ, ਧੰਮਾਚਾਰੀ ਬਲਦੇਵ ਜੱਸਲ, ਬਲਦੇਵ ਰਾਜ ਭਾਰਦਵਾਜ , ਡਾ. ਜੀ. ਸੀ.ਕੌਲ , ਸੁਰੇਸ਼ ਬੌਧ, ਪ੍ਰਿੰਸੀਪਲ ਪਰਮਜੀਤ ਜੱਸਲ ਵਲੋਂ ਨਕੋਦਰ ਅਤੇ ਫਗਵਾੜਾ ਵਾਸਤੇ ਰਵਾਨਾ ਕੀਤੀ ਜਾਵੇਗੀ । ਮਸ਼ਾਲ ਮਾਰਚ ਦਾ ਅੰਬੇਡਕਰੀਆਂ, ਬੋਧੀਆਂ ਅਤੇ ਅਗਾਂਹਵਧੂ ਸੋਚ ਰੱਖਣ ਵਾਲਿਆਂ ਵੱਲੋਂ ਬੂਟਾਂ ਮੰਡੀ, ਲਾਂਬੜਾ ,ਜੇਤਵਨ ਬੁੱਧ ਵਿਹਾਰ ਵੈਲਫੇਅਰ ਕਮੇਟੀ ਮੁਹੱਲਾ ਡਾ. ਅੰਬੇਡਕਰ ਨਗਰ (ਨਵੀ ਆਬਾਦੀ, ਬੈਕ ਸਾਈਡ ਰੇਲਵੇ ਸਟੇਸ਼ਨ) ਨਕੋਦਰ ਵਿਖੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਜਾਵੇਗਾ ਅਤੇ ਜੇਤਵਨ ਬੁੱਧ ਵਿਹਾਰ ਵਿਖੇ ਉਹਨਾਂ ਨੂੰ ਸਨਮਾਨਿਤ ਕੀਤਾ ਜਾਵੇਗਾ। (ਯਾਦ ਰਹੇ ਇਸ ਦੇ ਸੰਸਥਾਪਕ ਤੇ ਫਾਊਂਡਰ ਸ੍ਰੀ ਦਵਿੰਦਰ ਚੰਦੜ ,ਸੰਪਾਦਕ ਸਮਾਜ ਵੀਕਲੀ ਯੂ.ਕੇ ਹਨ ) ਉਸ ਤੋਂ ਬਾਅਦ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਮਸ਼ਾਲ ਮਾਰਚ ਦਾ ਸਵਾਗਤ ਕੀਤਾ ਜਾਵੇਗਾ। ਉਪਰੰਤ ਚਾਹ -ਪਾਣੀ ਅਤੇ ਭੋਜਨ ਵਰਤਾਇਆ ਜਾਵੇਗਾ। ਇਹ ਮਸ਼ਾਲ ਯਾਤਰਾ ਅਸ਼ੋਕਾ ਬੁੱਧ ਵਿਹਾਰ (ਮਹਿਤਪੁਰ ਰੋਡ , ਨਕੋਦਰ ) ਅਤੇ ਡਾ. ਅੰਬੇਡਕਰ ਬੁੱਧ ਵਿਹਾਰ ਬਾਠ ਕਲਾਂ (ਮਹਾਨ ਵਿਦਵਾਨ ਤੇ ਲੇਖਕ ਡੀ.ਸੀ. ਅਹੀਰ, ਕਮਲੇਸ਼ ਅਹੀਰ ਦਾ ਪਿੰਡ ਹੈ)ਤੋਂ ਹੁੰਦੀ ਹੋਈ ਆਪਣੀ ਯਾਤਰਾ ਤਹਿ ਕਰਦੀ ਹੋਈ ਅੱਗੇ ਫਗਵਾੜਾ ਜ਼ਿਲ੍ਹਾ ਕਪੂਰਥਲਾ ਵਿੱਚ ਦਾਖਲ ਹੋਵੇਗੀ। ਜਿੱਥੇ ਹਦੀਆਬਾਦ ਡਾ. ਅੰਬੇਡਕਰ ਪਾਰਕ ਵਿਖੇ ਰਮੇਸ਼ ਕੌਲ ਅਤੇ ਸਾਥੀਆਂ ਵੱਲੋਂ ਸਵਾਗਤ ਕੀਤਾ ਜਾਵੇਗਾ। ਇਸ ਤੋਂ ਬਾਅਦ ਇਹ ਮਸ਼ਾਲ ਮਾਰਚ ਸੰਘ ਮਿੱਤਰਾ ਬੁੱਧ ਵਿਹਾਰ , ਡਾ. ਅੰਬੇਡਕਰ ਪਾਰਕ, ਹਰਗੋਬਿੰਦ ਨਗਰ ਅਤੇ ਡਾ. ਅੰਬੇਡਕਰ ਭਵਨ ਅਰਬਨ ਅਸਟੇਟ ਫਗਵਾੜਾ ਵਿਖੇ ਪਹੁੰਚੇਗੀ। ਜਿੱਥੇ ਪਹੁੰਚਣ 'ਤੇ ਇਸ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ। ਇੱਥੇ ਹੀ ਇਸ ਦੀ ਸਮਾਪਤੀ ਹੋਵੇਗੀ, ਫਿਰ ਪੰਜਾਬ ਦੇ ਅਗਲੇ ਜਿਲ੍ਹੇ ਲਈ ਮਸ਼ਾਲ ਪ੍ਰਬੰਧਕਾਂ ਨੂੰ ਸੌਂਪੀ ਜਾਵੇਗੀ।




URGENT PRINTING AVAILABLE
All Types of Designing & Printing Services
OFFSET PRINTING
DIGITAL PRINTING
FLEX PRINTING
SCREEN PRINTING
Visiting Card
Letter Head
Bill Book
Posters
Pamphlet
Wedding Card
Invitation Card
Birthday Card
Flex Banner
Stickers
Hand Bill
Calendar
Certificate
Book Cover
Menu Card
Id Card
Yash Arts World
Akalpur Road Phillaur
96467-56227 98551-89599

# " ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਪੰਜਵੀ ਅੰਮ੍ਰਿਤਾ ਪ੍ਰੀਤਮ ਅੰਤਰਰਾਸ਼ਟਰੀ ਕਾਵਿ ਮਿਲਣੀ ਬਹੁਤ ਸਫਲ ਅਤੇ ਪ੍ਰਭਾਵਸ਼ਾਲੀ ਹੋ ਨਿਬੜੀ''

**ਬਰੈਂਪਟਨ ( ਰਮਿੰਦਰ ਵਾਲੀਆ )** 10 ਅਗਸਤ, 2025 ਦਿਨ ਐਤਵਾਰ ਨੂੰ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਪੰਜਵੀ ਅੰਮ੍ਰਿਤਾ ਪ੍ਰੀਤਮ ਅੰਤਰਰਾਸ਼ਟਰੀ ਕਾਵਿ ਮਿਲਣੀ ਬਹੁਤ ਸਫਲ ਅਤੇ ਪ੍ਰਭਾਵਸ਼ਾਲੀ ਹੋ ਨਿਬੜੀ । ਜਿਸ ਵਿੱਚ ਸੰਸਾਰ ਭਰ ਵਿੱਚੋਂ ਨਾਮਵਰ ਸ਼ਖ਼ਸੀਅਤਾਂ ਨੇ ਆਪਣੀ ਸ਼ਾਮੂਲੀਅਤ ਕੀਤੀ । ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਫ਼ਾਊਂਡਰ ਤੇ ਪ੍ਰਬੰਧਕ ਰਮਿੰਦਰ ਰੰਮੀ ਨੇ ਹਾਜ਼ਰੀਨ ਮੈਂਬਰਜ਼ ਨੂੰ ਰਸਮੀ ਜੀ ਆਇਆਂ ਇਹ ਕਹਿ ਕੇ ਕਿਹਾ ਕਿ :-

"ਤੁਸੀਂ ਘਰ ਅਸਾਡੇ ਆਏ , ਅਸੀਂ ਫੁੱਲੇ ਨਹੀਂ ਸਮਾਏ






ਹੋਸਟ ਰਿੰਟੂ ਭਾਟੀਆ ਨੇ ਸੱਭ ਤੋਂ ਪਹਿਲਾਂ ਪਾਕਿਸਤਾਨ ਦੇ ਨਾਮਵਰ ਲੋਕ ਸੂਫ਼ੀ ਗਾਇਕ ਹੁਸਨੈਨ ਅਕਬਰ ਜੀ ਨੂੰ ਆਪਣਾ ਗੀਤ ਪੇਸ਼ ਕਰਨ ਲਈ ਕਿਹਾ , ਕਿਉਂਕਿ ਉਹ ਏਅਰਪੋਰਟ ਤੇ ਬੈਠੇ ਸੀ ਤੇ ਉਹਨਾਂ ਦੇ ਨਾਲ ਪ੍ਰਾਈਮ ਏਸ਼ੀਆ ਦੇ ਮਸ਼ਹੂਰ ਪੱਤਰਕਾਰ ਤੇ ਟੀ ਵੀ ਐਂਕਰ ਜਸਵਿੰਦਰ ਬਿੱਟਾ ਜੀ ਵੀ ਸਨ ਜਿਹਨਾਂ ਨੇ ਆਪਣੇ ਫ਼ੋਨ ਤੋਂ ਲਿੰਕ ਐਡ ਕਰਕੇ ਹੁਸਨੈਨ ਅਕਬਰ ਜੀ ਨੂੰ ਗੀਤ ਗਾਉਣ ਲਈ ਕਿਹਾ । ਹੁਸਨੈਨ ਅਕਬਰ ਜੀ ਨੇ ਮੁਹੰਮਦ ਬਖ਼ਸ਼ ਜੀ ਦੇ ਗੀਤ ( ਦੁਨੀਆਂ ਇਕ ਮੁਸਾਫਰਖਾਨਾ , ਇੱਥੇ ਕੋਈ ਆਵੇ ਕੋਈ ਜਾਵੇ ) ਆਪਣੀ ਦਮਦਾਰ ਅਵਾਜ਼ ਵਿਚ ਸੁਣਾ ਕੇ ਪ੍ਰੋਗਰਾਮ ਦਾ ਆਗਾਜ਼ ਕੀਤਾ । ਸਰਪ੍ਰਸਤ ਸੁਰਜੀਤ ਜੀ ਨੇ ਅੰਮ੍ਰਿਤਾ ਪ੍ਰੀਤਮ ਨੂੰ ਸਮਰਪਿਤ ਆਪਣੀ ਲਿਖੀ ਨਜ਼ਮ ( ਅੱਲ੍ਹਾ ਇਹ ਕੌਣ ਆਇਆ ਹੈ ,ਕਿ ਮੇਰੀ ਜ਼ਾਤ ਤੇ ਅੱਜ ਇਸ਼ਕ ਦਾ ਇਲਜ਼ਾਮ ਆਇਆ ਹੈ ) ਸੁਣਾ ਕੇ ਸਾਰੇ ਸਰੋਤਿਆਂ ਦਾ ਨਿੱਘਾ ਸਵਾਗਤ ਕੀਤਾ । ਰਿੰਟੂ ਜੀ ਨੇ ਅੰਮ੍ਰਿਤਾ ਪ੍ਰੀਤਮ ਜੀ ਨੂੰ ਯੁਗ ਦੀ ਸ਼ਾਇਰਾ ਆਖਿਆ। ਉਹਨਾਂ ਨੇ ਅੰਮ੍ਰਿਤਾ ਦੀ ਇਕ ਰਚਨਾ ( ਮੈਂ ਤੈਨੂੰ ਫਿਰ ਮਿਲਾਂਗੀ ) ਆਪਣੀ ਖ਼ੂਬਸੂਰਤ ਆਵਾਜ਼ ਵਿਚ ਸੁਣਾ ਕੇ ਵੈਬੀਨਾਰ ਦੀ ਸ਼ੁਰੂਆਤ ਕੀਤੀ । ਰਿੰਟੂ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਵਿਚ :/ ਮੁੱਖ ਮਹਿਮਾਨ ਹੁਸਨੈਨ ਅਕਬਰ ਸੂਫ਼ੀ ਗਾਇਕ ਬਾਬਾ ਗਰੁੱਪ ਪਾਕਿ , ਡਾ . ਜਗਮੋਹਨ ਸ਼ਰਮਾ ਅਤੇ ਡਾ . ਜਗਮੋਹਨ ਸੰਘਾ ਸਨ ਤੇ ਵਿਸ਼ੇਸ਼ ਮਹਿਮਾਨ ਵਿਚ ਡਾ . ਗੁਰਮੇਲ ਸੰਘਾ , ਡਾ . ਸੁਰਿੰਦਰਜੀਤ ਕੌਰ ਅਤੇ ਪ੍ਰੋ. ਬੀਰ ਇੰਦਰ ਸਰਾਂ ਅਤੇ ਸਤਿਕਾਰਿਤ ਕਵੀਜਨ ਡਾ . ਮਨਮੋਹਨ ਕੌਰ , ਰਖਸ਼ੰਦਾ ਨਾਵੇਦ, ਸਿਮਰਜੀਤ ਕੌਰ ਗਰੇਵਾਲ ,ਸੁਨੀਲ ਚੰਦਿਆਣਵੀ ਅਤੇ ਅਭਯਜੀਤ ਝਾਂਜੀ ਸਨ । ਸੱਭ ਤੋਂ ਪਹਿਲਾਂ ਰਿੰਟੂ ਨੇ ਸੰਸਥਾ ਦੇ ਚੀਫ਼ ਪੈਟਰਨ ਡਾ . ਦਲਬੀਰ ਸਿੰਘ ਕਥੂਰੀਆ ਜੀ ਨੂੰ ਆਪਣੇ ਵਿਚਾਰ ਪੇਸ਼ ਕਰਨ ਲਈ ਕਿਹਾ । ਕਥੂਰੀਆ ਜੀ ਨੇ ਅਰਸ਼ਦ ਮੰਜ਼ੂਰ ਜੀ ਦੀ ਇੱਕ ਗ਼ਜ਼ਲ " ਕਰ ਇਕਰਾਰ ਮੁਹੱਬਤ ਕਰੀਏ " ਸੁਣਾ ਕੇ ਸੱਭ ਨੂੰ ਪਿਆਰ ਮੁਹੱਬਤ ਦਾ ਸੰਦੇਸ਼ ਦਿੱਤਾ ਕਿ ਸਾਨੂੰ ਸੱਭ ਨੂੰ ਨਫ਼ਰਤਾਂ ਮਿਟਾ ਕੇ ਇਕ ਹੋ ਕੇ ਰਹਿਣਾ ਚਾਹੀਦਾ ਹੈ । ਚੀਫ਼ ਗੈਸਟ ਡਾ . ਜਗਮੋਹਨ ਸ਼ਰਮਾ ਜੀ ਨੇ ਆਪਣੇ ਬਾਰੇ ਦੱਸਦਿਆਂ ਅੰਮ੍ਰਿਤਾ ਪ੍ਰੀਤਮ ਜੀ ਨੂੰ ਸਮਰਪਿਤ ਇਕ ਨਜ਼ਮ ( ਅੰਮ੍ਰਿਤਾ ਇਕ ਰੂਹਾਨੀ ਅਵਾਜ਼ ) ਪੇਸ਼ ਕੀਤੀ ।ਡਾ . ਮਨਮੋਹਨ ਕੌਰ ਨੇ " ਮੇਰੇ ਮਾਣ ਦੀ ਕਹਾਣੀ "ਕਵਿਤਾ ਸਾਂਝੀ ਕੀਤੀ । ਚੀਫ਼ ਐਡਵਾਈਜ਼ਰ ਡਾ . ਨਵਜੋਤ ਕੌਰ ਜੀ ਨੇ " ਖੁਸ਼ਾਮਦੀਦ " ਰਚਨਾ ਨੂੰ ਸਾਂਝੇ ਕੀਤਾ । ਪ੍ਰੋ . ਬੀਰ ਇੰਦਰ ਸਰਾਂ ਨੇ ਅੰਮ੍ਰਿਤਾ ਪ੍ਰੀਤਮ ਨੂੰ ਸਮਰਪਿਤ ਆਪਣੀ ਰਚਨਾ ਪੇਸ਼ ਕੀਤੀ ਜਿਸ ਵਿਚ ਅੰਮ੍ਰਿਤਾ ਪ੍ਰੀਤਮ ਜੀ ਦੀਆਂ ਕਿਤਾਬਾਂ ਦੇ ਨਾਮ ਦਰਜ ਸਨ ।ਵਿਸ਼ੇਸ਼ ਮਹਿਮਾਨ ਸੁਨੀਲ ਚੰਦਿਆਣਵੀ ਜੀ ਨੇ ਆਪਣੀ ਖ਼ੂਬਸੂਰਤ ਗ਼ਜ਼ਲ । ( ਕੀ ਪਤਾ ਫਿਰ ਤੋਂ ਇਹ ਜ਼ਿੰਦਗੀ ਮਿਲੇ ਤੇ ਮੈਂ ਸਮੁੰਦਰ ਹੋ ਕੇ ਵੀ ਉਸਨੂੰ ਉਡੀਕੀ ਜਾ ਰਿਹਾ ਹਾਂ ) ਸਾਂਝੀ ਕੀਤੀ । ਮੀਤ ਪ੍ਰਧਾਨ ਸਤਬੀਰ ਸਿੰਘ ਨੇ "ਚਾਦਰ " ਕਵਿਤਾ ਪੇਸ਼ ਕੀਤੀ । ਡਾ . ਗੁਰਮੇਲ ਸੰਘਾ ਨੇ " ਚੇਤਰ ਦਾ ਵਣਜਾਰਾ ਆਇਆ " ਆਪਣੀ ਖ਼ੂਬਸੂਰਤ ਅਵਾਜ਼ ਵਿਚ ਤਰੰਨਮ ਵਿਚ ਗਾ ਕੇ ਆਪਣੀ ਰਚਨਾ ਪੇਸ਼ ਕੀਤੀ । ਸਿਮਰ ਗਰੇਵਾਲ ਨੇ " ਤੇਰੀ ਵੰਝਲੀ ਦੀ ਹੂਕ ਤੇ ਚਰਖੇ ਦੀ ਘੂਕ " ਰਚਨਾ ਨੂੰ ਤਰੰਨਮ ਵਿਚ ਗਾ ਕੇ ਸੁਣਾਇਆ । ਫਿਰ ਡਾ . ਜਗਮੋਹਨ ਸੰਘਾ ਨੇ ਪਹਿਲਾਂ ਅੰਮ੍ਰਿਤਾ ਨਾਲ ਆਪਣੀ ਮੁਲ-ਾਕਾਤ ਦੀ ਗੱਲ ਕੀਤੀ ਤੇ ਫਿਰ ਆਪਣੀ ਇੱਕ ਬਹੁਤ ਖ਼ੂਬਸੂਰਤ ਗ਼ਜ਼ਲ " ਲੋਕ ਮਿਲਦੇ ਨੇ ਅੱਜਕੱਲ ਹਵਾਵਾਂ ਦੇ ਵਾਂਗ " ਨੂੰ ਪੇਸ਼ ਕੀਤਾ ।ਫਿਰ ਸੁਰਿੰਦਰਜੀਤ ਕੌਰ ਨੇ ਅੰਮ੍ਰਿਤਾ ਪ੍ਰੀਤਮ ਨਾਲ ਆਪਣੀਆਂ ਯਾਦਾਂ ਦੀ ਸਾਂਝ ਪਾਈ ਤੇ ਆਪਣੀ ਇਕ ਦਿਲ ਟੁੰਬਵੀਂ ਕਵਿਤਾ " ਜਦੋਂ ਮੈਂ ਜੰਮੀ ਮੈਂ ਪਰਾਈ ਸੀ " ਪੇਸ਼ ਕੀਤੀ । ਆਖੀਰ ਵਿਚ ਰਖਸ਼ੰਦਾ ਨਾਵੇਦ ਜੀ ਨੇ ਦੱਸਿਆ ਕਿ ਉਹਨਾਂ ਨੇ ਪੰਜਾਬੀ ਲਿਖਣੀ ਪੜ੍ਹਣੀ ਅੰਮ੍ਰਿਤਾ ਪ੍ਰੀਤਮ ਜੀ ਦੀਆਂ ਨਜ਼ਮਾਂ ਪੜ੍ਹ ਸੁਣ ਕੇ ਸਿੱਖੀ ਤੇ ਅੰਮ੍ਰਿਤਾ ਨੂੰ ਸਮਰਪਿਤ ਆਪਣੀ ਰਚਨਾ ਪੇਸ਼ ਕੀਤੀ । ਸੰਸਥਾ ਦੇ ਚੇਅਰਮੈਨ ਸ . ਪਿਆਰਾ ਸਿੰਘ ਕੁੱਦੋਵਾਲ ਜੀ ਜੋ ਕਿ ਪ੍ਰੋਗਰਾਮ ਨੂੰ ਆਪਣੇ ਵਿਲੱਖਣ ਅੰਦਾਜ਼ ਵਿੱਚ ਸੱਮ ਅੱਪ ਵੀ ਕਰਦੇ ਹਨ , ਬਹੁਤ ਸ਼ਿੱਦਤ ਨਾਲ ਨਿਠ ਕੇ ਸਾਰੇ ਪ੍ਰੋਗਰਾਮ ਨੂੰ ਸੁਣਦੇ ਹਨ ਤੇ ਫਿਰ ਸਾਰੇ ਸ਼ਾਇਰਾਂ ਦੀਆਂ ਰਚਨਾਵਾਂ ਤੇ ਬਹੁਤ ਭਾਵਪੂਰਤ ਆਪਣੀਆਂ ਟਿੱਪਣੀਆਂ ਨੂੰ ਸਾਂਝੇ ਕਰਦੇ ਹਨ । ਉਹਨਾਂ ਦੱਸਿਆ ਕਿ ਰਖਸ਼ੰਦਾ ਨਾਵੇਦ ਦੀ ਇਕ ਰਚਨਾ " ਮੈਂ ਅੰਮ੍ਰਿਤਸਰੀ ਜਮਾਂਦਰੂ " ਸੁਣਾ ਕੇ ਸੱਭ ਦਾ ਦਿਲ ਜਿੱਤ ਲਿਆ । ਉਹਨਾਂ ਸਾਡੇ ਨਾਲ ਜਲਿਆਂ ਵਾਲੇ ਬਾਗ ਦੀ ਆਪਣੀ ਸਾਂਝ ਵੀ ਪੁਆਈ । ਸ . ਪਿਆਰਾ ਸਿੰਘ ਕੁੱਦੋਵਾਲ ਜੀ ਨੇ ਅੰਮ੍ਰਿਤਾ ਪ੍ਰੀਤਮ ਤੇ ਉਹਨਾਂ ਦੀ ਜ਼ਿੰਦਗੀ ਬਾਰੇ ਕਾਫ਼ੀ ਗੱਲਾਂ ਸਾਂਝੀਆਂ ਕੀਤੀਆਂ । ਉਹਨਾਂ ਦੱਸਿਆ ਕਿ ਅੰਮ੍ਰਿਤਾ ਪ੍ਰੀਤਮ ਜੀ ਨੇ ਸ਼ੁਰੂਆਤ ਵਿਚ ਧਾਰਮਿਕ ਕਵਿਤਾਵਾਂ ਲਿਖੀਆਂ ਸਨ । ਅੰਮ੍ਰਿਤਾ ਪ੍ਰੀਤਮ ਜੀ ਦਾ ਵੀ ਬਹੁਤ ਵਿਰੋਧ ਹੋਇਆ ਲੋਕਾਂ ਵੱਲੋਂ ਪਰ ਜੱਦ ਤੱਕ ਤੁਹਾਡਾ ਵਿਰੋਧ ਨਹੀਂ ਹੁੰਦਾ ਉਹ ਵੱਡਾ ਲੇਖਕ ਨਹੀਂ ਬਣ ਸਕਦਾ । ਚੇਅਰਮੈਨ ਸ . ਪਿਆਰਾ ਸਿੰਘ ਕੁੱਦੋਵਾਲ ਜੀ ਨੇ ਆਖੀਰ ਵਿੱਚ ਮੀਟਿੰਗ ਵਿੱਚ ਹਾਜ਼ਰੀਨ ਮੈਂਬਰਜ਼ ਦਾ ਮੋਹ ਭਿੱਜੇ ਸ਼ਬਦਾਂ ਨਾਲ ਧੰਨਵਾਦ ਕੀਤਾ ਤੇ ਕਿਹਾ ਕਿ ਅੱਜ ਦਾ ਵੈਬੀਨਾਰ ਬਹੁਤ ਸਫਲ ਰਿਹਾ । ਰਿੰਟੂ " ਚਾਨਣ ਦੀ ਫੁਲਕਾਰੀ ਤੋਪਾਂ ਕੌਣ ਭਰੇ " ਆਪਣੀ ਸੁਰੀਲੀ ਅਵਾਜ਼ ਵਿੱਚ ਸੁਣਾ ਕੇ ਸਰੋਤਿਆਂ ਨੂੰ ਮੰਤਰਮੁਗਧ ਕੱਲ ਦਿੱਤਾ ।ਡਾ . ਦਲਬੀਰ ਸਿੰਘ ਕਥੂਰੀਆ ਜੀ ਨੂੰ ਸੰਸਥਾ ਦੇ ਚੀਫ਼ ਪੈਟਰਨ ਅਤੇ ਡਾ . ਨਵਜੋਤ ਕੌਰ ਜੀ ਨੂੰ ਚੀਫ਼ ਐਡਵਾਈਜ਼ਰ ਬਨਣ ਤੇ ਸੱਭ ਮੈਂਬਰਜ਼ ਵੱਲੋਂ ਵਧਾਈ ਦਿੱਤੀ ਗਈ । ਡਾ . ਅਮਰ ਜੋਤੀ ਮਾਂਗਟ , ਰਾਜਬੀਰ ਕੌਰ ਗਰੇਵਾਲ , ਡਾ . ਨਵਰੂਪ ਕੌਰ , ਡਾ . ਪ੍ਰਸ਼ਵਿੰਦਰ ਕੌਰ , ਸ . ਹਰਦਿਆਲ ਸਿੰਘ ਝੀਤਾ , ਗੁਰ-ਚਰਨ ਸਿੰਘ ਜੋਗੀ , ਹਰਜੀਤ ਬਮਰਾਹ , ਜੈਲੀ ਗੇਰਾ , ਕੁਲਪ੍ਰੀਤ ਰਾਣਾ , ਪਿਆਰਾ ਸਿੰਘ ਘਲੋਟੀ , ਡਾ . ਗੁਰਜੰਟ ਸਿੰਘ , ਡਾ . ਰਾਜਵਿੰਦਰ ਹੁੰਦਲ , ਗੁਰਮੀਤ ਸਿੰਘ ਹੁੰਦਲ , ਅੰਮ੍ਰਿਤਾ ਦਰਸ਼ਨ , ਜਗਦੀਪ ਮਾਂਗਟ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਬਹੁਤ ਨਾਮਵਰ ਸ਼ਖ਼ਸੀਅਤਾਂ ਨੇ ਇਸ ਵੈਬੀਨਾਰ ਵਿੱਚ ਸ਼ਿਰਕਤ ਕੀਤੀ ।

**ਰਮਿੰਦਰ ਰੰਮੀ ਫ਼ਾਊਂਡਰ ਤੇ ਪ੍ਰਬੰਧਕ**
**ਅੰਤਰਰਰਾਸ਼ਟਰੀ ਸਾਹਿਤਕ ਸਾਂਝਾਂ ।**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
@samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com